# ਦਸਮ-ਗ੍ਰੰਥ ਦੀ ਪਰਮਾਣੀਕਤਾ
# ਇਤਿਹਾਸਕ ਸਰੋਤਾਂ ਦੇ ਆਧਾਰ ਤੇ

ਡਾ.ਸੁਖਦਿਆਲ ਸਿੰਘ*

ਦਸਮ-ਗ੍ਰੰਥ ਬਾਰੇ ਅੱਜ ਸਿੱਖ ਜਗਤ ਵਿਚ ਬਹੁਤ ਜ਼ੋਰਾਂ ਦਾ ਵਾਦ-ਵਿਵਾਦ ਹੈ। ਇਹ ਵਿਵਾਦ ਦੋਵੇਂ ਧਿਰਾਂ ਵਲੋਂ ਹੀ ਅਤਿ ਦੇ ਨੁਕਤਿਆਂ ਤੇ ਪਹੁੰਚਿਆ ਹੋਇਆ ਹੈ। ਅਤਿ ਦੇ ਨੁਕਤੇ ਤੇ ਪਹੁੰਚ ਕੇ ਕੋਈ ਵੀ ਵਿਚਾਰਧਾਰਕ ਮਸਲਾ ਹੱਲ ਨਹੀਂ ਹੁੰਦਾ। *ਦਸਮ-ਗ੍ਰੰਥ* ਨੂੰ ਮੰਨਣ ਵਾਲੇ ਇਸ ਦਾ ਇਕ-ਇਕ ਅੱਖਰ ਗੁਰੂ ਗੋਬਿੰਦ ਜੀ ਦੇ ਮੁਖਾਰਬਿੰਦ ਵਿਚੋਂ ਉਚਰਿਆ ਹੋਇਆ ਮੰਨ ਰਹੇ ਹਨ ਅਤੇ ਆਪਣੇ ਵਿਰੋਧੀਆਂ ਨੂੰ ਚਿੜਾਉਂਦੇ ਹੋਏ ਇਸ ਹੱਦ ਤਕ ਚਲੇ ਗਏ ਹਨ ਕਿ ਉਨ੍ਹਾਂ ਨੇ ਦਸਮ-ਗ੍ਰੰਥ ਨੂੰ *ਗੁਰੂ ਗ੍ਰੰਥ ਸਾਹਿਬ* ਦੇ ਬਰਾਬਰ ਪ੍ਰਕਾਸ਼ ਕਰਨਾ ਅਤੇ ਉਸ ਦਾ *ਗੁਰੂ ਗ੍ਰੰਥ ਸਾਹਿਬ* ਦੀ ਤਰ੍ਹਾਂ ਹੀ ਭੋਗ ਪਉਣਾ ਸ਼ੁਰੂ ਕਰ ਦਿੱਤਾ ਹੈ। ਜਿਹੜੀ ਦੂਸਰੀ ਧਿਰ ਹੈ, ਉਹ *ਦਸਮ-ਗ੍ਰੰਥ* ਤੋਂ ਉੱਕਾ ਹੀ ਇਨਕਾਰੀ ਹੈ। ਉਹ ਇਸ ਨੂੰ ਸਿੱਖ ਵਿਰੋਧੀ ਲਿਖਤ ਮੰਨਦੀ ਹੈ ਅਤੇ ਇਸ ਦੇ ਮੰਨਣ ਵਾਲਿਆਂ ਨੂੰ ਬਰਾਹਮਣਵਾਦੀ ਤਾਕਤਾਂ ਦੇ ਪਿੱਠੂ ਸਮਝਦੀ ਹੈ। ਇਸ ਤਰ੍ਹਾਂ ਨਾਂ ਤਾਂ ਵਿਰੋਧੀ ਧਿਰ ਪਾਸ ਕੋਈ ਤਰਕਸੰਗਤ ਦਲੀਲ ਹੈ ਅਤੇ ਨਾ ਹੀ *ਦਸਮ-ਗ੍ਰੰਥ* ਨੂੰ ਮੰਨਣ ਵਾਲੀ ਧਿਰ ਦੀ ਦਲੀਲ ਹੀ ਤਰਕਸੰਗਤ ਹੈ। ਦੋਵਾਂ ਧਿਰਾਂ ਨੇ ਹੀ ਖਾਲਸਾ ਰਹਿਤ ਮਰਯਾਦਾ ਨੂੰ ਸੱਟ ਮਾਰੀ ਹੈ। ਖਾਲਸਾ ਮਰਯਾਦਾ ਕੇਵਲ ਤੇ ਕੇਵਲ ਵਾਲੇ *ਗੁਰੂ ਗ੍ਰੰਥ ਸਾਹਿਬ* ਨੂੰ ਗੁਰੂ ਮੰਨਦੀ ਹੈ ਹੋਰ ਕਿਸੇ ਗ੍ਰੰਥ ਜਾਂ ਲਿਖਤ ਨੂੰ ਨਹੀਂ। ਖਾਲਸਾ ਰਹਿਤ ਮਰਯਾਦਾ ਅਨੁਸਾਰ ਅੰਮ੍ਰਿਤ ਛਕਾਉਣ ਸਮੇਂ ਪੜ੍ਹੀਆਂ ਜਾਂਦੀਆਂ ਪੰਜ ਬਾਣੀਆਂ ਵਿਚ ਜਾਪ ਸਾਹਿਬ, ਸਵਯੇ ਅਤੇ ਚੌਪਈ ਵੀ ਹਨ। ਇਸ ਤਰ੍ਹਾਂ ਜਦੋਂ ਪਹਿਲੀ ਧਿਰ ਵਾਲੇ *ਗੁਰੂ ਗ੍ਰੰਥ ਸਾਹਿਬ* ਦੇ ਬਰਾਬਰ *ਦਸਮ-ਗ੍ਰੰਥ* ਦਾ ਪਰਕਾਸ਼ ਕਰਦੇ ਹਨ ਅਤੇ ਇਸ ਦਾ ਉਸੇ ਤਰ੍ਹਾਂ ਪਾਠ ਕਰਕੇ ਭੋਗ ਪਾਉਂਦੇ ਹਨ ਤਾਂ ਇਸ ਨਾਲ ਉਹ ਖਾਲਸਾ ਰਹਿਤ ਮਰਯਾਦਾ ਨੂੰ ਭੰਗ ਕਰਦੇ ਹਨ। ਉਸੇ ਤਰ੍ਹਾਂ ਜਦੋਂ ਦੂਜੀ ਧਿਰ *ਦਸਮ-ਗ੍ਰੰਥ* ਨੂੰ ਮੰਨਣ ਤੋਂ ਉਕਾ ਹੀ ਇਨਕਾਰੀ ਹੁੰਦੀ ਹੈ ਤਾਂ ਉਹ ਇਹ ਕਹਿ ਕੇ ਅੰਮ੍ਰਿਤ ਛਕਾਉਣ ਵੇਲੇ ਦੀਆਂ ਪੰਜ ਬਾਣੀਆਂ ਦੇ ਵਿਸ਼ਵਾਸ ਅਤੇ ਪਰੰਪਰਾ ਨੂੰ ਸੱਟ ਮਾਰਦੀ ਹੈ। ਇਸ ਤਰ੍ਹਾਂ ਦੋਵੇਂ ਧਿਰਾਂ ਹੀ ਆਪਣੀਆਂ ਦਲੀਲਾਂ ਨੂੰ ਉਸ ਹੱਦ ਤਕ ਲੈ ਗਈਆਂ ਹਨ ਜਿਥੇ ਪਹੁੰਚ ਕੇ ਉਹ ਖਾਲਸਾ ਰਹਿਤ ਮਰਯਾਦਾ ਨੂੰ ਭੰਗ ਕਰਨ ਦੀਆਂ ਭਾਗੀ ਬਣਦੀਆਂ ਹਨ। ਵਾਦ-ਵਿਵਾਦ ਵਿਚ ਪੈਣਾ ਤਾਂ ਕੋਈ ਮਾੜੀ ਗੱਲ ਨਹੀਂ ਹੈ ਪਰ ਜੇਕਰ ਇਸ ਨਾਲ ਕੋਈ ਉਸਾਰੂ ਗੱਲ ਨਿੱਕਲਦੀ ਹੋਵੇ। ਜੇਕਰ ਵਾਦ-ਵਿਵਾਦ ਨਾਲ ਖਾਲਸਾ ਰਹਿਤ ਮਰਯਾਦਾ ਭੰਗ ਹੁੰਦੀ ਹੈ ਤਾਂ ਉਸ ਤਰ੍ਹਾਂ ਦੇ ਵਿਵਾਦ ਦਾ ਕੋਈ ਫਾਇਦਾ ਨਹੀਂ।

* ਪ੍ਰੋਫੈਸਰ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-147002, ਫੋਨ 98158-80539

ਉਕਤ ਵਿਵਾਦ ਨੂੰ ਹੱਲ ਕਰਨ ਦੇ ਦੋ ਹੀ ਢੰਗ ਹਨ। ਪਹਿਲਾਂ ਇਹ ਕਿ ਦਸਮ-ਗ੍ਰੰਥ ਦੇ ਸਬੰਧ ਵਿਚ ਹਰ ਕਿਸਮ ਦੇ ਵਿਵਾਦ ਨੂੰ ਖਤਮ ਕਰ ਦਿੱਤਾ ਜਾਵੇ। ਇਸ ਦੇ ਹੱਕ ਵਿਚ ਅਤੇ ਵਿਰੋਧ ਵਿਚ ਬੋਲਣ ਤੇ ਉੱਕਾ ਹੀ ਪਾਬੰਦੀ ਲਗਾ ਦਿੱਤੀ ਜਾਵੇ। ਦੂਜਾ ਹੱਲ ਹੈ ਕਿ ਇਸ ਵਿਵਾਦ ਦੀ ਮੌਲਿਕ ਅਤੇ ਸਮਕਾਲੀ ਸਰੋਤਾਂ ਦੇ ਆਧਾਰ ਤੇ ਪੂਰੀ ਤਰ੍ਹਾਂ ਤਰਕ-ਸੰਗਤ ਤਰੀਕੇ ਨਾਲ ਬਹਿਸ ਕਰਕੇ ਨਿਰਣਾ ਲਿਆ ਜਾਵੇ। ਨਿਰਣਾ ਸਿਰਫ ਮੌਲਿਕ ਅਤੇ ਸਮਕਾਲੀ ਸਰੋਤਾਂ ਦੇ ਆਧਾਰ ਤੇ ਹੀ ਲਿਆ ਜਾਵੇ ਪਿਛਲੇਰੇ ਸਰੋਤਾਂ ਦੇ ਅਧਾਰ ਤੇ ਨਹੀਂ। ਮੌਲਿਕ ਸਰੋਤਾਂ ਤੋਂ ਮਤਲਬ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਹੁਕਮ ਨਾਮੇ, ਗੁਰਬਾਣੀ ਦੀ ਆਪਣੀ ਪਰੰਪਰਾ ਅਤੇ ਦਸਮ ਗ੍ਰੰਥ ਦੀ ਆਪਣੀ ਕੋਈ ਅੰਦਰੂਨੀ ਗਵਾਹੀ ਆਦਿ। ਸਮਕਾਲੀ ਸਰੋਤਾਂ ਤੋਂ ਭਾਵ ਹੈ ਉਹ ਸਰੋਤ ਜਿਹੜੇ ਗੁਰੂ ਗੋਬਿੰਦ ਸਿੰਘ ਦੇ ਆਪਣੇ ਸਮੇਂ ਦੇ ਲੇਖਕਾਂ ਵਲੋਂ ਲਿਖੇ ਗਏ ਹੋਣ। ਇਸ ਵਿਵਾਦ ਬਾਰੇ ਕੇਵਲ ਤੇ ਕੇਵਲ ਇਨ੍ਹਾਂ ਦੋ ਕਿਸਮ ਦੇ (ਮੌਲਿਕ ਤੇ ਸਮਕਾਲੀ) ਸਰੋਤਾਂ ਤੋਂ ਹੀ ਨਿਰਣਾ ਲਿਆ ਜਾ ਸਕਦਾ ਹੈ। ਇਨ੍ਹਾਂ ਤੋਂ ਪਿੱਛੋਂ ਦਾ ਕੋਈ ਵੀ ਸਰੋਤ ਇਸ ਬਹਿਸ ਵਿਚ ਵਰਤਣਾ ਨਹੀਂ ਚਾਹੀਦਾ। ਵੱਧ ਤੋਂ ਵੱਧ ਕੋਈ ਹੋਰ ਸਰੋਤ ਵਰਤਣਾ ਵੀ ਹੋਵੇ ਤਾਂ ਕੇਵਲ ਤੇ ਕੇਵਲ ਨਿਕਟ-ਸਮਕਾਲੀ ਸਰੋਤ ਹੀ ਵਰਤਣਾ ਚਾਹੀਦਾ ਹੈ। ਨਿਕਟ ਸਮਕਾਲੀ ਸਰੋਤ ਉਹ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪਿੱਛੋਂ 20 ਜਾਂ 30 ਸਾਲਾਂ ਵਿਚ ਲਿਖਿਆ ਗਿਆ ਹੋਵੇ ਤੇ ਜਾਂ ਐਸੇ ਸਰੋਤਾਂ ਦੇ ਆਧਾਰ ਤੇ ਲਿਖਿਆ ਗਿਆ ਹੋਵੇ ਜਿਹੜੇ ਗੁਰੂ ਜੀ ਦੇ ਨਾਲ ਰਹੇ ਹੋਣ। ਖੁਸ਼ਕਿਸਮਤੀ ਨਾਲ ਸਾਡੇ ਪਾਸ ਸਮਕਾਲੀ ਸਰੋਤਾਂ ਦੀ ਕੋਈ ਘਾਟ ਨਹੀਂ ਹੈ।

ਗੁਰੂ ਗੋਬਿੰਦ ਸਿੰਘ ਜੀ ਦੀਆਂ ਸਮਕਾਲੀ ਲਿਖਤਾਂ ਵਿਚ ਸ਼ਾਮਲ ਹਨ: ਕਵੀ ਸੈਨਾਪਤਿ ਦੀ ਕ੍ਰਿਤ ਸ੍ਰੀ ਗੁਰ ਸੋਭਾ [1] । ਇਹ ਲਿਖਤ 1711 ਈ. ਦੇ ਵਿਚ ਲਿਖੀ ਗਈ ਲਿਖਤ ਹੈ। ਇਸ ਦੇ ਪਹਿਲੇ ਅਧਿਆਏ ਵਿਚ ਇਸ ਦੀ ਲਿਖਤ ਨੂੰ ਸ਼ੁਰੂ ਕਰਨ ਦੀ ਤਾਰੀਖ 1711 ਈ. ਦਿੱਤੀ ਹੋਈ ਹੈ। ਖਤਮ ਕਰਨ ਦੀ ਮਿਤੀ ਦਿੱਤੀ ਨਹੀਂ ਹੈ ਪਰ ਅਖੀਰਲੇ ਅਧਿਆਏ ਤੋਂ ਮਾਲੂਮ ਹੁੰਦਾ ਹੈ ਜਿਵੇਂ ਕਿ ਸੈਨਾਪਤਿ ਨੇ ਇਸ ਨੂੰ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦੇ ਤੁਰੰਤ ਬਾਅਦ ਹੀ ਸਮਾਪਤ ਕਰ ਦਿੱਤਾ ਸੀ। ਦੂਜੀ ਲਿਖਤ ਹੈ ਭਾਈ ਗੁਰਦਾਸ ਦੂਜੇ ਦੀ ਵਾਰ ਜਿਹੜੀ ਕਿ ਭਾਈ ਗੁਰਦਾਸ ਭੱਲੇ ਦੀਆਂ ਵਾਰਾਂ[2] ਦੇ ਨਾਲ ਜੋੜ ਕੇ ਇਕਤਾਲੀਵੀਂ ਵਾਰ ਦੇ ਰੂਪ ਵਿਚ ਰੱਖ ਕੇ ਛਾਪੀ ਗਈ ਹੈ। ਤੀਜੀ ਸਮਕਾਲੀ ਲਿਖਤ ਹੈ ਭਾਈ ਨੰਦ ਲਾਲ ਦਾ 'ਹਦਾਇਤਨਾਮਾ', 'ਤਨਖਾਹਨਾਮਾ' ਅਤੇ 'ਸਾਖੀ ਰਹਿਤ ਕੀ'।[3] ਇਹ ਲਿਖਤਾਂ ਰਹਿਤਨਾਮਿਆਂ ਵਿਚ ਇਕੱਠਾ ਕਰਕੇ ਛਾਪੀਆਂ ਗਈਆਂ ਹਨ। ਚੌਥੀ ਲਿਖਤ ਹੈ ਚਉਪਾ ਸਿੰਘ ਦਾ ਰਹਿਤਨਾਮਾ[4] ਜੋ ਭਾਈ ਗੁਰਬਖਸ਼ ਸਿੰਘ ਵਲੋਂ 1750 ਈ. ਦੇ ਨੇੜੇ-ਤੇੜੇ ਲਿਖਿਆ ਗਿਆ ਸੀ ਅਤੇ ਭਾਈ ਚਉਪਾ ਸਿੰਘ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਲਿਖਿਆ ਗਿਆ ਸੀ ਅਤੇ ਭਾਈ ਚਉਪਾ ਸਿੰਘ ਗੁਰੂ ਗੋਬਿੰਦ ਸਿੰਘ ਨੂੰ ਬਚਪਨ ਵਿਚ ਖਿਡਾਉਣ ਵਾਲਾ ਸੀ ਇਸ ਲਈ ਇਸ ਲਿਖਤ ਦੀ ਇਤਿਹਾਸਕ ਮਹੱਤਤਾ ਬਹੁਤ ਜ਼ਿਆਦਾ ਹੈ। ਭਾਈ ਗੁਰਬਖਸ਼ ਸਿੰਘ ਭਾਈ ਚਉਪਾ ਸਿੰਘ ਦਾ ਪੋਤਾ ਸੀ। ਇਨ੍ਹਾਂ ਤੋਂ ਇਲਾਵਾ ਅਹਿਕਾਮ-ਏ-ਆਲਮਗੀਰੀ, ਤਾਰੀਖ-ਏ-ਬਹਾਦਰਸ਼ਾਹੀ ਅਤੇ

ਅਖਬਾਰ-ਏ-ਦਰਬਾਰ-ਏ-ਮੁਅੱਲਾ ਵਿਚ ਵੀ ਕੁਝ ਕੁ ਵੇਰਵੇ ਐਸੇ ਮਿਲਦੇ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਹਨ। ਇਹ ਵੀ ਸਮਕਾਲੀ ਵੇਰਵੇ ਹਨ। ਇਕ ਲਿਖਤ ਹੈ ਭਾਈ ਕੇਸਰ ਸਿੰਘ ਛਿੱਬਰ ਦੀ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*।[5] ਇਹ ਭਾਵੇਂ 1769 ਈ. ਲਿਖੀ ਹੋਈ ਹੈ। ਇਉਂ ਇਹ ਲਿਖਤ ਸਮਕਾਲੀ ਲਿਖਤ ਤਾਂ ਨਹੀਂ ਮੰਨੀ ਜਾ ਸਕਦੀ ਪਰ ਇਸਦਾ ਸਰੋਤ ਭਾਈ ਚਉਪਾ ਸਿੰਘ ਦਾ ਰਹਿਤਨਾਮਾ ਹੈ ਅਤੇ ਛਿੱਬਰ ਦਾ ਆਪਣਾ ਖਾਨਦਾਨ ਕਿਉਂ ਕਿ ਲਗਾਤਾਰ ਗੁਰੂ-ਘਰ ਦੀ ਸੇਵਾ ਵਿਚ ਰਿਹਾ ਸੀ ਇਸ ਲਈ ਇਸ ਲਿਖਤ ਦੀ ਇਤਿਹਾਸਕ ਮਹੱਤਤਾ ਸਮਝੀ ਜਾ ਸਕਦੀ ਹੈ। ਇਨ੍ਹਾਂ ਤੋਂ ਬਾਅਦ ਦੀਆਂ ਲਿਖਤਾਂ ਦੀ ਕੋਈ ਵੀ ਇਤਿਹਾਸਕ ਮਹੱਤਤਾ ਨਹੀਂ ਹੈ। ਉਹ ਜੋ ਕੁਝ ਵੀ ਲਿਖਦੀਆਂ ਹਨ ਉਹ ਉਨ੍ਹਾਂ ਦਾ ਆਪਣਾ ਮੱਤ ਹੈ ਜਿਸ ਨੂੰ ਮੰਨਣਾ ਜ਼ਰੂਰੀ ਨਹੀਂ ਹੈ।

ਇਨ੍ਹਾਂ ਮੌਲਿਕ ਅਤੇ ਸਮਕਾਲੀ ਸਰੋਤਾਂ ਦਾ ਕਰੱਮਵਾਰ ਅਧਿਐਨ ਕਰਦੇ ਹੋਏ ਸਭ ਤੋਂ ਪਹਿਲਾਂ ਮੌਲਿਕ ਸੋਮਿਆਂ ਦੀ ਗੱਲ ਕਰਦੇ ਹਾਂ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਹਨ। ਜਿਥੋਂ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਦਾ ਸਬੰਧ ਹੈ ਇਨ੍ਹਾਂ ਵਿਚੋਂ ਇਕ ਵੀ ਹੁਕਮਨਾਮਾ ਐਸਾ ਨਹੀਂ ਹੈ ਜਿਸ ਵਿਚੋਂ *ਦਸਮ-ਗ੍ਰੰਥ* ਬਾਰੇ ਜਾਂ ਇਸ ਵਿਚਲੀ ਕਿਸੇ ਰਚਨਾ ਬਾਰੇ ਕੋਈ ਥੋੜ੍ਹੀ-ਮੋਟੀ ਵੀ ਜਾਣਕਾਰੀ ਮਿਲਦੀ ਹੋਵੇ। ਹੁਕਮਨਾਮਿਆਂ ਵਿਚ ਸਿੱਖ ਸੰਗਤਾਂ ਨੂੰ ਬੜੀਆਂ ਭਾਵਪੂਰਤ ਨਸੀਹਤਾਂ ਕੀਤੀਆਂ ਗਈਆਂ ਹਨ ਪਰ *ਦਸਮ-ਗ੍ਰੰਥ* ਦੇ ਸੰਬੰਧ ਵਿਚ ਕੋਈ ਵੀ ਨਸੀਹਤ ਜਾਂ ਹਦਾਇਤ ਨਹੀਂ ਹੈ। ਹੋਰ ਤਾਂ ਹੋਰ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਵੀ ਜਿਹੜੇ ਹੁਕਮਨਾਮੇ ਹਨ ਇਹ 1734 ਈ. ਤਕ ਦੇ ਹਨ, ਇਨ੍ਹਾਂ ਵਿਚ ਵੀ ਦਸਮ-*ਗ੍ਰੰਥ* ਬਾਰੇ ਅਤੇ ਇਸ ਵਿਚਲੀ ਕਿਸੇ ਰਚਨਾ ਬਾਰੇ ਕੋਈ ਇਸ਼ਾਰੇ ਮਾਤਰ ਜਾਣਕਾਰੀ ਵੀ ਨਹੀਂ ਹੈ। ਇਕ ਹੁਕਮਨਾਮਾ ਸ੍ਰੀ ਅਕਾਲ ਤਖਤ ਸਾਹਿਬ ਤੋਂ 1759 ਈ. ਵਿਚ ਤਖਤ ਸ੍ਰੀ ਹਰਮਿੰਦਰ ਸਾਹਿਬ ਪਟਣਾ ਨੂੰ ਲਿਖਿਆ ਹੋਇਆ ਹੈ। ਉਸ ਵਿਚ ਵੀ ਇਸ ਤਰ੍ਹਾਂ ਦਾ ਕੋਈ ਜ਼ਿਕਰ ਨਹੀਂ ਹੈ। ਇਥੋਂ ਤਕ ਕਿ ਇਕ ਹੁਕਮਨਾਮਾ 4 ਫਰਵਰੀ 1862 ਈ. ਨੂੰ ਤਖਤ ਸ੍ਰੀ ਪਟਣਾ ਸਾਹਿਬ ਤੋਂ ਅਲੱਗ ਅਲੱਗ ਸਿੱਖ ਸੰਗਤਾਂ ਨੂੰ ਭੇਜਿਆ ਗਿਆ ਸੀ ਉਸ ਵਿਚ ਵੀ *ਦਸਮ-ਗ੍ਰੰਥ* ਦਾ ਜ਼ਿਕਰ ਨਹੀਂ ਹੈ।[7]

ਭਾਈ ਮਨੀ ਸਿੰਘ ਜੀ ਦੀ ਇਕ ਚਿੱਠੀ ਮਾਤਾ ਸੁੰਦਰੀ ਜੀ ਦੇ ਨਾਂ *ਸ਼ਹੀਦ ਬਿਲਾਸ* ਭਾਈ ਮਨੀ ਸਿੰਘ ਵਿਚ ਛਪੀ ਹੋਈ ਹੈ।[8] *ਦਸਮ-ਗ੍ਰੰਥ* ਦੇ ਹੱਕ ਵਿਚ ਬੋਲਣ ਵਾਲੇ ਸਾਰੇ ਵਿਦਵਾਨ ਇਸ ਚਿੱਠੀ ਦਾ ਅਕਸਰ ਹਵਾਲਾ ਦਿੰਦੇ ਹਨ। ਇਸ ਚਿੱਠੀ ਦੇ ਵਿਸ਼ੇ ਅਨੁਸਾਰ ਇਸ ਵਿਚ ਭਾਈ ਸਾਹਿਬ ਨੇ ਮਾਤਾ ਜੀ ਨੂੰ ਦੱਸਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ "ਸਾਹਿਬਾਂ ਦੇ 303 ਚਰਿਤ੍ਰਉ ਪਖਿਆਨ ਦੀ ਪੋਥੀ ਸੀਹਾਂ ਸਿੰਘ ਨੂੰ ਦੇ ਦੇਣੀ। ਕਰਿਸ਼ਨਾਵਤਾਰ ਦਾ ਪਹਿਲਾ ਹਿੱਸਾ ਤਾਂ ਮਿਲ ਗਿਆ ਹੈ ਪਰ ਪਿਛਲਾ ਨਹੀਂ ਮਿਲਿਆ"। ਜੇ ਇਸ ਨੂੰ *ਦਸਮ-ਗ੍ਰੰਥ* ਦਾ ਹੀ ਹਵਾਲਾ ਮੰਨਣਾ ਹੈ ਤਾਂ *ਦਸਮ-ਗ੍ਰੰਥ* ਬਾਰੇ ਸਿਰਫ ਇਤਨਾ ਹੀ ਹਵਾਲਾ ਇਸ ਚਿੱਠੀ ਵਿਚ ਹੈ। ਵੈਸੇ ਤਾਂ ਇਸ ਚਿੱਠੀ ਵਿਚ ਲਿਖਣ ਦਾ ਸਾਲ ਕੋਈ ਨਹੀਂ ਦਿੱਤਾ। ਪਰ ਸੰਪਾਦਕਾਂ ਨੇ ਆਪਣੀ ਮਰਜ਼ੀ ਅਨੁਸਾਰ ਇਸ ਨੂੰ 1711 ਈ. ਦੀ ਮੰਨ ਰਖਿਆ ਹੈ। ਜੇਕਰ ਇਸ ਚਿੱਠੀ ਨੂੰ

ਭਾਈ ਸਾਹਿਬ ਦੀ ਅਸਲ ਚਿੱਠੀ ਹੀ ਮੰਨਣਾ ਹੈ, ਜਿਹੜੀ ਕਿ ਇਹ ਹੈ ਨਹੀਂ, ਫਿਰ ਵੀ ਇਸ ਵਿਚ ਆਏ ਵੇਰਵੇ ਤੋਂ *ਦਸਮ-ਗ੍ਰੰਥ* ਬਾਰੇ ਕੋਈ ਨਿਰਣਾ ਨਹੀਂ ਲਿਆ ਜਾ ਸਕਦਾ । ਇਸ ਵਿਚ ਸਿਰਫ 'ਚਰਿਤ੍ਰੋਓ ਪਖਿਆਨ' ਅਤੇ ਕ੍ਰਿਸ਼ਨਾਵਤਾਰ' ਦੀ ਹੀ ਗੱਲ ਹੈ। ਬਾਕੀ ਦੀ ਹੋਰ ਕੋਈ ਗੱਲ ਨਹੀਂ ਹੈ। ਇਸ ਦਾ ਮਤਲਬ ਹੈ ਕਿ 'ਬਚ੍ਰਿਤ ਨਾਟਕ' ਅਤੇ ਹੋਰ ਰਚਨਾਵਾਂ ਵਿਚੋਂ ਕੋਈ ਵੀ *ਦਸਮ-ਗ੍ਰੰਥ* ਦਾ ਹਿੱਸਾ ਨਹੀਂ? ਇਸ ਚਿੱਠੀ ਤੋਂ ਤਾਂ ਇਹੋ ਕੁਝ ਜਾਣਿਆ ਜਾ ਸਕਦਾ ਹੈ। ਚਰਿਤ੍ਰੋਓ ਪੀਖਆਨ ਵਿਚ ਤਾਂ ਰਾਮ ਅਤੇ ਸਿਆਮ ਕਵੀਆਂ ਦੇ ਨਾਂ ਸਪਸ਼ਟ ਰੂਪ ਵਿਚ ਮਿਲਦੇ ਹਨ। ਇਸ ਕਰਕੇ ਇਸ ਰਚਨਾ ਬਾਰੇ ਇਸ ਚਿੱਠੀ ਦੀ ਕੋਈ ਮਹੱਤਤਾ ਨਹੀਂ ਹੈ।

ਅਗਲੀ ਗੱਲ ਇਸ ਚਿੱਠੀ ਬਾਰੇ ਇਹ ਹੈ ਕਿ ਚਿੱਠੀ ਨਕਲੀ ਹੈ।[9] ਦੂਜਾ ਇਸ ਵਿਚ ਆਪਣਾ ਕੋਈ ਲਿਖਤ-ਸਾਲ ਨਹੀਂ ਦਿੱਤਾ। ਤੀਜਾ ਹੁਕਮਨਾਮਿਆਂ ਵਿਚ ਇਸ ਚਿੱਠੀ ਨੂੰ ਕੋਈ ਥਾਂ ਨਹੀਂ ਮਿਲਿਆ। ਭਾਈ ਮਨੀ ਸਿੰਘ ਜੀ ਪੰਥ ਦੇ ਬਹੁਤ ਹੀ ਸਤਿਕਾਰਯੋਗ ਮੁੱਖ-ਗ੍ਰੰਥੀ ਸ੍ਰੀ ਦਰਬਾਰ ਸਾਹਿਬ ਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਰਹੇ ਸਨ। ਅਗਰ ਇਹ ਉਨ੍ਹਾਂ ਦੀ ਚਿੱਠੀ ਹੁੰਦੀ ਤਾਂ ਹਰ ਹਾਲਤ ਵਿਚ ਹੁਕਮਨਾਮਿਆਂ ਵਿਚ ਇਸ ਨੂੰ ਜ਼ਰੂਰ ਥਾਂ ਦਿੱਤੀ ਗਈ ਹੁੰਦੀ ਕਿਉਂ ਕਿ ਇਹ ਨਕਲੀ ਚਿੱਠੀ ਹੈ ਇਸ ਲਈ ਇਤਿਹਾਸ ਵਿਚ ਇਸ ਨੂੰ ਕੋਈ ਥਾਂ ਨਹੀਂ ਮਿਲੀ। ਤੀਜਾ ਜਿਸ ਕਿਤਾਬ ਵਿਚ ਇਸ ਚਿੱਠੀ ਦਾ ਵੇਰਵਾ ਦਿੱਤਾ ਗਿਆ ਹੈ ਉਹ ਪਹਿਲੀ ਵਾਰ 1865 ਈ. ਵਿਚ ਡਾ.ਟਰੰਪ ਨੇ ਆਪਣੇ ਅੰਗਰੇਜ਼ੀ ਵਾਲੀ ਲਿਖਤ ਟਰਾਂਸਲੇਸ਼ਨ ਆਫ ਆਦਿ ਗ੍ਰੰਥ[10] ਵਿਚ ਦਿੱਤੀ ਹੈ।ਇਹ ਗੱਲ ਧਿਆਨ ਦੇਣ ਯੋਗ ਹੈ ਕਿ *ਦਸਮ-ਗ੍ਰੰਥ* ਦੀ ਗੱਲ ਸਿਰਫ ਅਠਾਰਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਹੀ ਹੋਣੀ ਸ਼ੁਰੂ ਹੋਈ ਸਦੀ। ਚੌਥੇ ਸ਼ਹੀਦ ਬਿਲਾਸ ਭਾਈ ਮਨੀ ਸਿੰਘ 1870 ਈ. ਦੀ ਲਿਖਤ ਹੈ ਅਤੇ ਇਸ ਨੂੰ ਪਹਿਲੀ ਵਾਰ 1961 ਵਿਚ ਗਿਆਨੀ ਗਰਜਾ ਸਿੰਘ ਵਲੋਂ ਸੰਪਾਦਤ ਕਰਕੇ ਛਪਵਾਇਆ ਗਿਆ ਹੈ। ਇਸ ਲਈ ਇਸ ਚਿੱਠੀ ਦੀ ਕੋਈ ਵੀ ਇਤਿਹਾਸਕ ਮਹੱਤਤਾ ਨਹੀਂ ਹੈ।

ਹੁਣ ਸਮਕਾਲੀ ਸਰੋਤਾਂ ਬਾਰੇ ਇਕ-ਇਕ ਕਰਕੇ ਗੱਲ ਕਰਦੇ ਹਾਂ। ਪਹਿਲਾ ਸਮਕਾਲੀ ਸਰੋਤ ਹੈ ਕਵੀ ਸੈਨਾਪਤਿ ਦੀ ਸ੍ਰੀ *ਗੁਰੁ ਸੋਭਾ* । ਇਸ ਸਾਰੀ ਲਿਖਤ ਵਿਚ ਕਿਤੇ ਵੀ ਇਸ਼ਾਰੇ ਮਾਤਰ ਵੀ ਜਾਣਕਾਰੀ *ਦਸਮ-ਗ੍ਰੰਥ* ਬਾਬਤ ਜਾਂ ਉਸ ਵਿਚਲੀ ਕਿਸੇ ਲਿਖਤ ਬਾਬਤ ਨਹੀਂ ਮਿਲਦੀ। ਸਗੋਂ ਇਸ ਦੇ ਉਲਟ ਦੋ ਠੋਸ ਗਵਾਹੀਆਂ ਹਨ। ਗੁਰੁ ਗੋਬਿੰਦ ਸਿੰਘ ਜੀ ਦੇ ਮੁੱਢਲੇ ਜੀਵਨ ਬਾਰੇ ਜੋ ਜਾਣਕਾਰੀ ਮਿਲਦੀ ਹੈ ਉਹ ਜਾਣਕਾਰੀ ਭਾਵੇਂ ਕੁਛ-ਕੁਛ 'ਬਚਿੱਤ੍ਰ ਨਾਟਕ' ਨਾਲ ਮਿਲਦੀ-ਜੁਲਦੀ ਹੈ ਪਰ ਕਵੀ ਨੇ ਕਿਤੇ ਵੀ 'ਬਚਿੱਤ੍ਰ ਨਾਟਕ' ਦਾ ਨਾਂ ਨਹੀਂ ਲਿਖਿਆ। ਕਵੀ ਸੈਨਾਪਤਿ ਗੁਰੁ ਗੋਬਿੰਦ ਸਿੰਘ ਜੀ ਦਾ ਇਕ ਸ਼ਰਧਾਲੂ ਸਿੱਖ ਸੀ ਅਤੇ ਅੰਮ੍ਰਿਤਧਾਰੀ ਖਾਲਸਾ ਸੀ। ਅਗਰ ਉਸ ਦੇ ਸਾਹਮਣੇ 'ਬਚਿੱਤ੍ਰ ਨਾਟਕ' ਹੁੰਦਾ ਤਾਂ ਉਸ ਦੀ ਸਾਰੀ ਜਾਣਕਾਰੀ ਇਕ ਤਾਂ 'ਬਚਿੱਤ੍ਰ ਨਾਟਕ' ਨਾਲ ਇੰਨ-ਬਿੰਨ ਮਿਲਣੀ ਚਾਹੀਦੀ ਸੀ ਤੇ ਦੂਜਾ ਉਸ ਨੂੰ 'ਬਚਿੱਤ੍ਰ ਨਾਟਕ' ਦਾ ਜ਼ਿਕਰ ਕਰਨਾ ਚਾਹੀਦਾ ਸੀ। ਨਾ ਹੀ ਤਾਂ ਕਵੀ ਨੇ 'ਬਚਿੱਤ੍ਰ ਨਾਟਕ' ਦਾ ਕਿਸੇ ਪਾਸੇ ਜ਼ਿਕਰ

ਹੀ ਕੀਤਾ ਹੈ ਅਤੇ ਨਾ ਹੀ ਉਸ ਨੇ 'ਬਚਿੱਤ੍ਰ ਨਾਟਕ' ਦੇ ਅਨੁਸਾਰ ਹੀ ਲਿਖਿਅ ਹੈ। ਆਓ, ਇਸ ਬਾਰੇ ਜ਼ਰਾ ਵਿਸਥਾਰ ਵਿਚ ਗੱਲ ਕਰੀਏ।

ਜਿਹੜੀ ਰਚਨਾ 'ਬਚਿੱਤ੍ਰ ਨਾਟਕ' ਦੇ ਨਾਂ ਹੇਠ *ਦਸਮ-ਗ੍ਰੰਥ* ਵਿਚ ਸ਼ਾਮਲ ਹੈ ਉਸ ਦੇ ਪਰਚਲਤ ਰਚਨਾ ਅਨੁਸਾਰ, ਪੂਰੇ 471 ਬੰਦ ਹਨ ਜਦੋਂ ਕਿ 504 ਬੰਦ ਮੁੱਢ ਵਿਚੋਂ ਛੱਡੇ ਹੋਏ ਹਨ।[11] ਜੇਕਰ ਛੱਡੇ ਹੋਏ 504 ਬੰਦਾਂ ਨੂੰ, ਦਿੱਤੇ ਗਏ 471 ਬੰਦਾਂ ਵਿਚ ਜੋੜ ਲਿਆ ਜਾਵੇ ਤਾਂ 975 ਬੰਦ ਬਣ ਜਾਂਦੇ ਹਨ। ਸਮੇਂ ਅਨੁਸਾਰ 504 ਬੰਦਾਂ ਨੂੰ ਫਜ਼ੂਲ ਦੇ ਸਮਝ ਕੇ ਛੱਡ ਦਿੱਤਾ ਗਿਆ ਹੈ। ਪਰ ਜੋ ਜਾਣਕਾਰੀ ਕਵੀ ਸੈਨਾਪਤਿ ਨੇ 'ਬਚਿੱਤ੍ਰ ਨਾਟਕ' ਦਾ ਜ਼ਿਕਰ ਕੀਤੇ ਬਿਨਾ ਦਿੱਤੀ ਹੈ ਓਹ ਸਿਰਫ ਗੁਰੂ ਜੀ ਦੇ ਪਾਉਂਟਾ ਸਾਹਿਬ ਜਾਣ ਤੋਂ ਲੈ ਕੇ ਖਾਨਜ਼ਾਦੇ ਅਤੇ ਹੁਸੈਨੀ ਯੁੱਧ ਤੱਕ ਦੀ ਦਿੱਤੀ ਹੈ। ਇਹ ਜਾਣਕਾਰੀ ਸਿਰਫ 116 ਬੰਦਾਂ ਵਿਚ ਹੈ।[12] ਇਨ੍ਹਾਂ 116 ਬੰਦਾਂ ਵਿਚੋਂ ਵੈਸੇ ਤਾਂ ਸੈਨਾਪਤਿ ਦਾ ਕੋਈ ਵੀ ਬੰਦ 'ਬਚਿੱਤ੍ਰ ਨਾਟਕ' ਦੇ ਬੰਦਾਂ ਨਾਲ ਹੂਬਹੂ ਨਹੀਂ ਮਿਲਦਾ ਫਿਰ ਵੀ ਜੇਕਰ ਅਸਿੱਧੇ ਤੌਰ ਤੇ ਦੇਖਿਆ ਜਾਵੇ ਤਾਂ ਬਹੁਤ ਹੀ ਥੋੜੇ ਬੰਦ ਹਨ, ਜਿਹੜੇ 'ਬਚਿੱਤ੍ਰ ਨਾਟਕ' ਦੇ ਬੰਦਾਂ ਵਾਲੇ ਅਰਥ ਦਿੰਦੇ ਹਨ। 'ਬਚਿੱਤ੍ਰ ਨਾਟਕ' ਦੀ ਲਿਖਤ ਜ਼ਰੂਰਤ ਨਾਲੋਂ ਜ਼ਿਆਦਾ ਵਿਸਥਾਰ ਵਿਚ ਹੁੰਦੀ ਹੋਈ ਵੀ ਕੋਈ ਸਪਸ਼ਟ ਜਾਣਕਾਰੀ ਨਹੀਂ ਦਿੰਦੀ। ਜਦੋਂ ਕਿ ਕਵੀ ਸੈਨਾਪਤਿ ਦੀ ਲਿਖਤ ਬਹੁਤ ਸੰਖੇਪ ਵਿਚ ਹੁੰਦੀ ਹੋਈ ਵੀ ਸਪਸ਼ਟ ਜਾਣਕਾਰੀ ਦਿੰਦੀ ਹੈ। ਮਿਸਾਲ ਵਜੋਂ ਫਤੇ ਸ਼ਾਹ ਨਾਲ ਭੰਗਾਣੀ ਦੀ ਲੜਾਈ ਦੀ ਗੱਲ ਕਰਦੇ ਹਾਂ। 'ਬਚਿੱਤ੍ਰ ਨਾਟਕ' ਵਿਚ ਲਿਖਿਆ ਹੈ:

> ਫਤੇ ਸ਼ਾਹ ਕੋਪਾ ਤਬਿ ਰਾਜਾ॥
> ਲ਼ੋਹ ਪਰਾ ਹਮ ਸੋ ਬਿਨ ਕਾਜਾ॥ਬੰਦ ੩, ਧਿਆਇ ਨੌਵਾਂ।

ਇਸ ਦਾ ਮਤਲਬ ਹੈ ਕਿ ਫਤੇ ਸ਼ਾਹ ਬਿਨਾਂ ਕਿਸੇ ਕਾਰਨ ਤੋਂ ਹੀ ਗੁਰੂ ਜੀ ਨਾਲ ਆ ਲੜਿਆ ਸੀ ਅਤੇ ਇਹ ਹੋ ਹੀ ਨਹੀਂ ਸਕਦਾ ਕਿ ਕੋਈ ਲੜਾਈ ਬਿਨਾਂ ਕਿਸੇ ਕਾਰਨ ਦੇ ਹੋਈ ਹੋਵੇ। ਸ੍ਰੀ ਗੁਰ ਸੋਭਾ ਵਿਚ ਲਿਖਿਆ ਗਿਆ ਹੈ:

> ਕੇਤਕ ਬਰਸ ਭਾਤਿ ਇਹ ਭਏ॥ ਦੇਸ ਪਾਂਵਟੇ ਸਤਿਗੁਰ ਗਏ॥
> ਜਮਨਾ ਤੀਰ ਮਹਲ ਬਨਵਾਏ॥ ਕਰਤ ਆਨੰਦ ਪ੍ਰਭੂ ਮਨ ਭਏ॥8॥49॥
> ਅਨਿਕ ਭਾਂਤ ਲੀਲਾ ਤਹ ਕਰੀ॥ ਫਤੇ ਸ਼ਾਹ ਸੁਣ ਕੈ ਮਨਿ ਧਰੀ॥॥
> ਬਹੁਤ ਕੋਪ ਮਨ ਮਾਹਿ ਬਸਾਯੋ॥ ਫਉਜ ਬਨਾਇ ਜੁਧ ਕਉ ਆਯੋ॥9॥50॥

ਪਾਠਕ ਦੇਖ ਸਕਦੇ ਹਨ ਕਿ ਕਵੀ ਸੈਨਾਪਤਿ ਦੀ ਲਿਖਤ ਕਿਸੇ ਵੀ ਤਰ੍ਹਾਂ 'ਬਚਿੱਤ੍ਰ ਨਾਟਕ' ਨਾਲ ਨਹੀਂ ਮਿਲਦੀ ਅਤੇ ਕਵੀ ਦੀ ਲਿਖਤ ਜ਼ਿਆਦਾ ਸਪਸ਼ਟਤਾ ਪੇਸ਼ ਕਰਦੀ ਹੈ। 'ਬਚਿੱਤ੍ਰ ਨਾਟਕ' ਵਿਚ ਜੋ ਧਿਆਏ ਹੁਸੈਨੀ ਯੁੱਧ ਤੋਂ ਬਾਅਦ ਦੇ ਦਿੱਤੇ ਹਨ ਜਿਨਾਂ ਵਿਚ ਜੁਝਾਰ ਸਿੰਘ ਦਾ ਜੁੱਧ ਵਰਨਣ ਹੈ ਅਤੇ ਸਾਹਜ਼ਾਦੇ ਤੇ ਅਹਿਦੀਆਂ ਦੇ ਆਉਣ ਦਾ ਵਰਨਣ ਹੈ ਉਹ ਇਕ ਤਾਂ ਗੁਰੂ ਜੀ ਨਾਲ ਉੱਕਾ ਹੀ ਸੰਬੰਧਤ ਨਹੀਂ ਹਨ ਤੇ ਦੂਜਾ ਉਨ੍ਹਾਂ ਦੀ ਲਿਖਤ ਆਪਾ-ਵਿਰੋਧੀ ਹੈ। ਚੌਧਵਾਂ ਧਿਆਏ ਉੱਕਾ ਹੀ ਫਜ਼ੂਲ ਹੈ। ਕਵੀ ਸੈਨਾਪਤਿ ਨੇ ਇਨ੍ਹਾਂ ਵਿਚੋਂ ਕੁਝ ਵੀ ਨਹੀਂ ਦਿੱਤਾ। ਗੁਰੂ ਜੀ ਦੇ ਪੂਰਬਲੇ

ਜਨਮ ਦੀ ਮਿਥਿਹਾਸਕ ਕਥਾ ਨੂੰ ਕਵੀ ਸੈਨਾਪਤਿ ਨੇ ਉੱਕਾ ਹੀ ਨਹੀਂ ਬਿਆਨਿਆ। ਇਸ ਲਈ ਵਿਚਾਰ ਇਹ ਹੈ ਕਿ ਕੀ ਸੈਨਾਪਤਿ ਦੀ ਲਿਖਤ ਤਕ 'ਬਚਿੱਤ੍ਰ ਨਾਟਕ' ਲਿਖਿਆ ਹੀ ਨਹੀਂ ਗਿਆ ਸੀ। 'ਬਚਿੱਤ੍ਰ ਨਾਟਕ' ਬਾਅਦ ਦੀ ਲਿਖਤ ਹੈ। 'ਬਚਿੱਤ੍ਰ ਨਾਟਕ' ਦਾ ਪੰਜਾਬੀ ਲਿਖਤਾਂ ਵਿਚ ਪਹਿਲੀ ਵਾਰ ਜ਼ਿਕਰ ਸਿਰਫ *ਮਹਿਮਾ ਪ੍ਰਕਾਸ਼* (ਕਵਿਤਾ) ਵਿਚ ਆਇਆ ਹੈ। ਇਹ 1776 ਈ. ਦੀ ਲਿਖਤ ਹੈ। ਭਾਵ ਕਿ 'ਬਚਿੱਤ੍ਰ ਨਾਟਕ' ਦਾ ਜ਼ਿਕਰ ਅਠਾਰਵੀਂ ਸਦੀ ਦੀ ਅਖੀਰਲੀ ਚੌਥਾਈ ਵਿਚ ਹੋਣਾ ਸ਼ੁਰੂ ਹੋਇਆ ਸੀ। ਗੁਰੁ ਗੋਬਿੰਦ ਸਿੰਘ ਜੀ ਦੀ ਕਿਸੇ ਵੀ ਸਮਕਾਲੀ ਲਿਖਤ ਵਿਚ 'ਬਚਿੱਤ੍ਰ ਨਾਟਕ' ਦਾ ਜ਼ਿਕਰ ਨਹੀਂ ਹੈ।

ਗੁਰੁ ਗੋਬਿੰਦ ਸਿੰਘ ਜੀ ਦੀ ਅਗਲੀ ਸਮਕਾਲੀ ਲਿਖਤ ਹੈ ਭਾਈ ਗੁਰਦਾਸ ਦੂਜੇ ਦੀ 'ਵਾਰ ਸ੍ਰੀ ਭਗਉਤੀ ਜੀ ਕੀ'ਹੈ। ਇਸ ਵਾਰ ਨੂੰ 41 ਵਾਂ ਨੰਬਰ ਦੇ ਕੇ ਸ਼ਿਰੋਮਣੀ ਕਮੇਟੀ ਵਲੋਂ ਭਾਈ ਗੁਰਦਾਸ ਜੀ ਭੱਲੇ[13] ਦੀਆਂ ਵਾਰਾਂ ਦੇ ਨਾਲ ਹੀ ਛਾਪਿਆ ਗਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਗੁਰੁ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਜੋ ਅੰਮ੍ਰਿਤ ਛਕਾਉਣ ਦੀ ਰਸਮ ਅਦਾ ਕੀਤੀ ਸੀ ਉਹ ਪੰਜ ਪਿਆਰਿਆ ਨੂੰ ਛਕਾਉਣ ਉਪਰੰਤ ਉਨ੍ਹਾਂ ਪਾਸੋਂ ਫਿਰ ਆਪ ਗੁਰੁ ਜੀ ਨੇ ਅੰਮ੍ਰਿਤ ਛਕਿਆ ਸੀ। ਇਸ ਤਰ੍ਹਾਂ 'ਆਪੇ ਗੁਰ ਚੇਲਾ' ਦੇ ਕਥਨ ਨੂੰ ਸੱਚਮੁੱਚ ਹੀ ਪੂਰਾ ਕੀਤਾ ਗਿਆ ਸੀ। 'ਆਪੇ ਗੁਰ ਚੇਲਾ' ਦਾ ਕਥਨ ਸਿਰਫ ਇਸੇ ਵਾਰ ਤੋਂ ਪਰਚੱਲਤ ਹੋਇਆ ਹੈ। ਸਿਰਫ ਇਹੀ ਵਾਰ ਹੈ ਜਿਹੜੀ ਇਸ ਤੱਥ ਬਾਰੇ ਪੂਰੀ ਤਰ੍ਹਾਂ ਸਪਸ਼ਟਤਾ ਨਾਲ ਜਾਣਕਾਰੀ ਦਿੰਦੀ ਹੈ। ਇਸ ਤੋਂ ਪਹਿਲਾਂ ਦੀ ਹੋਰ ਕੋਈ ਵੀ ਲਿਖਤ ਨਹੀਂ ਹੈ ਜਿਹੜੀ ਇਸ ਕਥਨ ਬਾਰੇ ਜਾਣਕਾਰੀ ਦਿੰਦੀ ਹੋਵੇ। ਕਵੀ ਸੈਨਾਪਤਿ ਦੀ ਲਿਖਤ ਵਿਚ ਵੀ ਇਹ ਜਾਣਕਾਰੀ ਨਹੀਂ ਹੈ। ਇਸ ਸਭ ਕੁਝ ਦੇ ਨਾਲ ਨਾਲ ਇਸ ਵਾਰ ਵਿਚ 'ਬਚਿੱਤ੍ਰ ਨਾਟਕ',*ਦਸਮ-ਗ੍ਰੰਥ* ਹੋਰ ਕਿਸੇ ਵੀ ਰਚਨਾ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਅਗਲੇ ਸਮਕਾਲੀ ਭਾਈ ਨੰਦ ਲਾਲ ਜੀ ਹਨ ਜਿਨ੍ਹਾਂ ਦੀਆਂ ਗੁਰਮੁਖੀ ਵਿਚ ਲਿਖੀਆਂ ਸੰਖੇਪ ਜਿਹੀਆਂ ਤਿੰਨ ਲਿਖਤਾਂ ਮਿਲਦੀਆਂ ਹਨ। ਇਹ ਹਨ: ੧. ਰਹਿਤਨਾਮਾ ਭਾਈ ਨੰਦ ਲਾਲ, ੨. ਤਨਖ਼ਾਹਨਾਮਾ ਭਾਈ ਨੰਦ ਲਾਲ, ੩. ਸਾਖੀ ਰਹਿਤ ਕੀ। ਇਹ ਤਿੰਨੇ ਰਚਨਾਵਾਂ ਪਿਆਰਾ ਸਿੰਘ ਪਦਮ ਨੇ ਸੰਪਾਦਿਤ ਕਰਕੇ ਹੋਰਨਾ ਰਹਿਤਨਾਮਿਆ ਨਾਲ ਮਿਲਾ ਕੇ *ਰਹਿਤਨਾਮੇ* [4] ਦੇ ਸਿਰਲੇਖ ਹੇਠ ਛਪਵਾਈਆਂ ਹਨ। ਭਾਈ ਨੰਦ ਨਾਲ ਜੀ ਗੁਰੂ ਜੀ ਦੇ ਦਰਬਾਰ ਦੇ ਫਾਰਸੀ ਬੋਲੀ ਦੇ ਸਿਰਮੌਰ ਕਵੀ ਸਨ। ਪਹਿਲਾਂ ਉਹ ਬਾਦਸ਼ਾਹ ਔਰੰਗਜ਼ੇਬ ਅਤੇ ਸ਼ਾਹਜ਼ਾਦਾ ਮੁਅੱਜ਼ਮ ਦੇ ਦਰਬਾਰ ਵਿਚ ਵੀ ਰਹਿ ਚੁੱਕੇ ਸਨ। ਪਰ ਉਨ੍ਹਾਂ ਨੂੰ ਜੋ ਸੰਤੁਸ਼ਟੀ ਅਤੇ ਸਕੂਨ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਮਿਲਿਆ ਸੀ ਉਹ ਕਿਸੇ ਵੀ ਸ਼ਾਹੀ ਦਰਬਾਰ ਵਿਚ ਨਹੀਂ ਸੀ ਮਿਲਿਆ। ਇਹੀ ਕਾਰਨ ਹੈ ਕਿ ਭਾਈ ਸਾਹਿਬ ਨੇ ਪੂਰੇ ਜ਼ਜ਼ਬਾਤਾਂ ਨਾਲ ਗੁਰੂ ਜੀ ਦੀ ਉਪਮਾ ਵਿਚ ਆਪਣੀਆਂ ਲਿਖਤਾਂ ਜ਼ਿੰਦਗੀਨਾਮਾ, ਗੰਜ ਨਾਮਾ, ਜੋਤ ਬਿਗਾਸ, ਦਸਤੂਰ-ਉਲ-ਇਨਸ਼ਾ, ਅਰਜ਼-ਉਲ-ਅਲਫ਼ਾਜ਼, ਦੀਵਾਨ-ਏ-ਗੋਆ ਅਤੇ ਰੁਬਾਈਆਤ ਆਦਿ ਲਿਖੀਆਂ ਹਨ। ਉਕਤ ਦੱਸੇ ਗਏ'ਰਹਿਤਨਾਮਾ, 'ਤਨਖਾਹਨਾਮਾ' ਅਤੇ 'ਸਾਖੀ ਰਹਿਤ ਕੀ' ਗੁਰਮੁਖੀ ਵਿਚ ਵਿਚ ਲਿਖੀਆਂ ਸਨ। ਪਹਿਲੀ ਲਿਖਤ 'ਰਹਿਤਨਾਮਾ' ਇਸ

ਦੀ ਆਪਣੀ ਗਵਾਹੀ ਅਨੁਸਾਰ, ਸੰਮਤ 1752 ਬਿ.ਮੁਤਾਬਕ ਸੰਨ 1695 ਈ.ਵਿਚ ਲਿਖੀ ਗਈ ਸੀ। ਨਿਸਚੇ ਹੀ ਇਹ ਖਾਲਸਾ ਸਾਜੇ ਜਾਣ ਤੋਂ ਪਹਿਲਾਂ ਦੀ ਲਿਖੀ ਹੋਈ ਹੈ। ਇਸ 'ਰਹਿਤਨਾਮੇ' ਵਿਚ ਹਰ ਗੁਰਸਿੱਖ ਲਈ ਕੁਝ ਨਸੀਹਤਾਂ ਦਿੱਤੀਆਂ ਗਈਆਂ ਹਨ। ਜੋ ਕਿ ਉਸ ਨੇ ਆਪਣੇ ਜੀਵਨ ਵਿਚ ਲਾਗੂ ਕਰਨੀਆਂ ਹਨ। ਇਹ ਨਸੀਹਤਾਂ ਉਹ ਹਨ ਜੋ ਭਾਈ ਨੰਦ ਲਾਲ ਜੀ ਦੇ ਅਨੁਸਾਰ 1695 ਈ. ਵਿਚ ਗੁਰੂ ਜੀ ਨੇ ਸਤਿਲੁਜ ਦੀਰਆ ਦੇ ਕੰਢੇ ਤੇ ਬੈਠ ਕੇ ਉਸ ਨੂੰ ਸੁਣਾਈਆਂ ਸਨ:

ਸੰਮਤ ਸਤ੍ਰਹ ਸਹਸ ਸੁ ਬਾਵਨ॥ ਮੱਘਰ ਨੌਮੀ ਸੁਖ ਦਾਵਨ॥
ਸੁਰ ਗੁਰ ਵਾਹ ਸ਼ਤਦਰੂ ਤੀਰ॥ ਬਚਨ ਕਹੇ ਨੰਦ ਲਾਲ ਸੋ ਬੀਰ॥

ਇਨ੍ਹਾਂ ਨਸੀਹਤਾਂ ਵਿਚ ਭਾਈ ਸਾਹਿਬ ਵਲੋਂ ਦੱਸਿਆ ਗਿਆ ਹੈ ਕਿ ਗੁਰੂ ਜੀ ਦੀਆਂ ਹਦਾਹਿਤਾਂ ਅਨੁਸਾਰ ਹਰ ਗੁਰਸਿੱਖ ਨੂੰ ਸਵੇਰੇ ਉਠ ਕੇ ਅਤੇ ਇਸ਼ਨਾਨ ਕਰਕੇ 'ਜਪੁਜੀ ਸਾਹਿਬ' ਅਤੇ 'ਜਾਪੁ ਸਾਹਿਬ' ਦੀਆ ਬਾਣੀਆਂ ਦਾ ਪਾਠ ਕਰਨਾ ਚਾਹੀਦਾ ਹੈ।

ਗੁਰ ਸਿੱਖ ਰਹਿਤ ਸੁਨੋ ਮੇਰੇ ਮੀਤ॥ ਉਠਿ ਪ੍ਰਭਾਤ ਕਰੇ ਹਿਤ ਚੀਤ॥
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ॥ ਕਰ ਇਸ਼ਨਾਨ ਪੜ੍ਹੈ ਜਪੁ ਜਾਪੁ॥1॥
. . . . . . . . . . . . . . . . . . . . . . . . . . . . . . .
ਸੰਧਿਆ ਸਮੇਂ ਸੁਨੇ ਰਹਿਰਾਸ ॥ ਕੀਰਤਨ ਕਥਾ ਸੁਨੈ ਹਰਿਜਾਸ॥

ਉਕਤ ਟੂਕਾਂ ਤੋਂ ਭਾਵ ਹੈ ਕਿ 1695 ਈ. ਤਕ ਸਿੱਖਾਂ ਨੂੰ ਸਿਰਫ ਜਪੁਜੀ ਸਾਹਿਬ, ਜਾਪੁ ਸਾਹਿਬ ਅਤੇ ਰਹਿਰਾਸ ਦਾ ਪਾਠ ਕਰਨ ਦੀ ਹੀ ਹਦਾਇਤ ਸੀ। ਜੇ ਕੋਈ ਹੋਰ ਬਾਣੀ ਦਸਮ ਪਾਤਸ਼ਾਹ ਦੀ ਨਿੱਤਨੇਮ ਵਿਚ ਪਾਠ ਕਰਨ ਯੋਗ ਹੁੰਦੀ ਤਾਂ ਉਸ ਦਾ ਵੀ ਜ਼ਿਕਰ ਹੋਣਾ ਕੁਦਰਤੀ ਗੱਲ ਸੀ । ਭਾਈ ਨੰਦ ਲਾਲ ਜੀ ਜੈਸੇ ਵਿਦਵਾਨ ਸੱਜਣ ਇਸ ਬਾਰੇ ਬੇਪਰਵਾਹੀ ਨਹੀਂ ਵਰਤ ਸਕਦੇ ਸਨ।

ਭਾਈ ਸਾਹਿਬ ਦੀ ਦੂਜੀ ਲਿਖਤ ਹੈ 'ਤਨਖ਼ਾਹਨਾਮਾ' ਇਹ ਖਾਲਸਾ ਸਾਜੇ ਜਾਣ ਤੋਂ ਪਿੱਛੋਂ ਦੀ ਹੈ। ਇਸ ਵਿਚ ਕਵੀ ਜੀ ਨੇ ਉਨ੍ਹਾਂ ਗੱਲਾਂ ਬਾਰੇ ਦੱਸਿਆ ਹੈ ਜਿਨ੍ਹਾਂ ਨੂੰ ਕਰਨ ਤੋਂ ਖਾਲਸੇ ਨੂੰ ਗੁਰੇਜ਼ ਕਰਨ ਲਈ ਕਿਹਾ ਗਿਆ ਹੈ। ਤਨਖ਼ਾਹਨਾਮੇ ਦਾ ਅਰਥ ਹੀ ਇਹ ਹੈ ਕਿ ਉਹ ਗੱਲਾਂ ਨਹੀਂ ਕਰਨੀਆਂ ਜਿਨ੍ਹਾਂ ਦੇ ਕਰਨ ਨਾਲ ਖਾਲਸਾ ਦੋਸ਼ੀ ਹੁੰਦਾ ਹੋਵੇ। ਇਸ ਲਿਖਤ ਵਿਚ ਛੋਟੀਆਂ ਤੋਂ ਛੋਟੀਆਂ ਗੱਲਾਂ ਵੀ ਛੁਹੀਆਂ ਗਈਆ ਹਨ ਜਿਵੇਂ ਪਰਸ਼ਾਦਿ ਵੰਡਣ ਵੇਲੇ ਸਭ ਨੂੰ ਇਕੋ ਜਿਹਾ ਵਰਤਾਉਣਾ, ਨੰਗੇ ਸੀਸ ਨਾ ਫਿਰਨਾ, ਇਸ਼ਨਾਨ ਕਰਨ ਸਮੇਂ ਤੇੜ ਵਿਚ ਕੱਪੜਾ ਪਹਿਨ ਕੇ ਰੱਖਣਾ, ਰਾਤ ਨੂੰ ਸੌਣ ਸਮੇਂ ਵੀ ਬਸਤਰ ਰਹਿਤ ਹੋ ਕੇ ਨਾ ਸੌਣਾ ਆਦਿ । ਇਹ ਸਭ ਗੱਲਾਂ ਕਰਨ ਦੇ ਨਾਲ ਨਾਲ ਤਨਖ਼ਾਹਨਾਮੇ ਵਿਚ ਵੀ ਉਸੇ ਤਰ੍ਹਾਂ ਜਪੁਜੀ ਸਾਹਿਬ, ਜਾਪੁ ਸਾਹਿਬ, ਰਹਿਰਾਸ ਅਤੇ ਕੀਰਤਨ ਸੋਹਿਲਾ ਦਾ ਪਾਠ ਕਰਨ ਦੀ ਹਦਾਇਤ ਕੀਤੀ ਗਈ ਹੈ। ਜੇਕਰ ਪਹਿਲੇ ਰਹਿਤਨਾਮੇ ਬਾਰੇ ਇਹ ਵੀ ਮੰਨ ਲਿਆ ਜਾਵੇ ਕਿ ਕਿਉਂ ਕਿ ਉਹ 1695 ਈ. ਦਾ ਲਿਖਿਆ

ਹੋਇਆ ਸੀ ਇਸ ਲਈ ਹੋ ਸਕਦਾ ਹੈ ਕਿ 1695 ਈ. ਤੋਂ ਪਿੱਛੋਂ *ਦਸਮ-ਗ੍ਰੰਥ* ਦੀ ਕਿਸੇ ਰਚਨਾ ਦਾ ਜ਼ਿਕਰ ਆ ਗਿਆ ਹੋਵੇ। ਪਰ ਇਸ ਤਨਖ਼ਾਹਨਾਮੇ ਵਿਚ ਵੀ ਕੋਈ ਜ਼ਿਕਰ ਨਹੀਂ ਹੈ ਹਾਲਾਂ ਕਿ ਇਹ ਖਾਲਸਾ ਸਾਜੇ ਜਾਣ ਤੋਂ ਪਿੱਛੋਂ ਦਾ ਹੈ।

ਭਾਈ ਨੰਦ ਲਾਲ ਜੀ ਦੀ ਤੀਜੀ ਲਿਖਤ ਹੈ 'ਸ਼ਾਖੀ ਰਹਿਤ ਕੀ'।ਇਹ ਵਾਰਤਕ ਵਿਚ ਹੈ ਜਦੋਂ ਕਿ ਪਹਿਲੀਆਂ ਦੋ ਲਿਖਤਾਂ ਕਵਿਤਾ ਵਿਚ ਹਨ। ਇਸ ਵਾਰਤਕ ਵਿਚ ਵੀ ਭਾਵੇਂ ਗੱਲਾਂ ਉਹ ਹੀ ਕਹੀਆਂ ਗਈਆਂ ਹਨ ਪਰ ਇਸ ਵਿਚ ਮੜ੍ਹੀ-ਮੁਸਾਣੀ ਅਤੇ ਬ੍ਰਾਹਮਣ ਨੂੰ ਨਾ ਮੰਨਣ ਬਾਰੇ, ਭੱਦਣ ਕਰਨ ਲਈ ਉਸਤਰਾ ਬਰਤਨ ਬਾਰੇ ਬੜੀ ਸਖਤਾਈ ਨਾਲ ਰੋਕਿਆ ਗਿਆ ਹੈ। ਬਾਣੀਆਂ ਦਾ ਪਾਠ ਕਰਨ ਦੀ ਹਦਾਇਤ ਉਸੇ ਤਰ੍ਹਾਂ ਹੈ ਜਿਵੇਂ ਕਿ 'ਰਹਿਤਨਾਮੇ' ਅਤੇ 'ਤਨਖਾਹਨਾਮੇ' ਵਿਚ ਦੱਸਿਆਂ ਗਿਆ ਹੈ। ਲਿਖਤ ਇਹ ਵੀ ਖਾਲਸੇ ਦੀ ਸਾਜਨਾ ਤੋਂ ਪਿੱਛੋਂ ਦੀ ਹੈ। ਪਾਠ ਬਾਰੇ ਇਉਂ ਲਿਖਿਆ ਗਿਆ ਹੈ: "ਸਿੱਖ ਨੂੰ ਚਾਹੀਦਾ ਹੈ ਕਿ ਜੋ ਪਹਿਰ ਰਾਤ ਹੋਵੈ ਤਾਂ ਉਠੇ, ਉਠ ਕੇ ਇਸ਼ਨਾਨ ਕਰੈ ਅਤੇ ਜਪੁ ਤੇ ਜਾਪੁ ਪੜੈ ਦੋਵੇਂ ਅਤੇ ਦਾਤਣ ਕਰੇ। ਜੇ ਪੜ੍ਹ ਨ ਜਾਣੈ ਤਾਂ ਜਪੁ ਜਾਪੁ ਦੀਆਂ ਪੰਜ ਪਉੜੀਆਂ ਪੜੈ।... ਜਭ ਦੋ ਪਹਿਰ ਦਿਨੁ ਰਹੈ ਤਾਂ ਹਾਥਿ ਪੈਰ ਧੋਵੈ, ਧੋ ਕਰ ਜਪੁ ਤੇ ਜਾਪੁ ਦੋਵੇਂ ਪੜੈ। ਜਬ ਦੁਇ ਘੜੀ ਰਹੇ ਦਿਨ ਤਾਂ ਸੋਦਰੁ ਰਹਿਰਾਸ ਨਾਲ ਅਠੇ ਪਹਿਰ ਸਬਦ ਨਾਲ ਪ੍ਰੀਤਿ ਕਰੇ। ਜੇ ਕੋ ਏਹੁ ਰਹਤ ਕਮਾਵੈਗਾ, ਸੋ ਇਥੇ ਭੀ ਸੁਖ ਨਾਲਿ ਅਰੁ ਅਗੈ ਭੀ ਸੁਖ ਨਾਲ ਰਹੈਗਾ।[15]

ਇਕ ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਦਾ ਹੈ। ਭਾਵੇਂ ਇਸ ਦਾ ਲਿਖਣ ਸਮਾਂ 1695 ਈ. ਦਾ ਹੀ ਦੱਸਿਆ ਹੋਇਆ ਹੈ ਪਰ ਇਸ ਵਿਚ ਰਹਿਤ ਖਾਲਸੇ ਦੀ ਦੱਸੀ ਗਈ ਹੈ ਅਤੇ ਗੁਰੂ ਜੀ ਵਲੋਂ ਉਚਾਰਣ ਕੀਤੀ ਗਈ ਜਗ੍ਹਾ ਅਬਚਲ ਨਗਰ ਦੱਸੀ ਗਈ ਹੈ ਜਿਹੜੀ ਕਿ ਨਾਂਦੇੜ ਸਾਹਿਬ ਹੈ। ਇਹ ਸਾਰੀਆਂ ਗੱਲਾਂ ਆਪਸ ਵਿਚ ਮੇਲ ਨਹੀਂ ਕਰ ਸਕਦੀਆਂ। 1695 ਈ. ਦਾ ਸਾਲ ਅਬਚਲ ਨਗਰ ਦਾ ਵਿਰੋਧੀ ਹੈ। ਖਾਲਸੇ ਦੀ ਸਾਜਨਾ ਵੀ 1695 ਈ. ਨੂੰ ਰੱਦ ਕਰਦੀ ਹੈ। ਇਸ ਲਈ ਇਸ ਰਹਿਤਨਾਮੇ ਵਿਚ ਆਪਾ-ਵਿਰੋਧੀ ਗੱਲਾਂ ਹਨ। ਜਿਥੇ ਆਪਾ ਵਿਰੋਧੀ ਗੱਲਾਂ ਹੋਣ ਉਥੇ ਇਤਿਹਾਸਕ ਪਰਮਾਣੀਕਤਾ ਨਹੀਂ ਹੁੰਦੀ । ਫਿਰ ਵੀ ਇਸ ਰਹਿਤਨਾਮੇ ਵਿਚ ਨਾ ਹੀ 'ਬਚਿੱਤ੍ਰ ਨਾਟਕ' ਦਾ, ਨਾ ਹੀ *ਦਸਮ-ਗ੍ਰੰਥ* ਦਾ ਅਤੇ ਨਾ ਹੀ *ਦਸਮ-ਗ੍ਰੰਥ* ਦੀ ਕਿਸੇ ਰਚਨਾ ਦਾ ਕੋਈ ਜ਼ਿਕਰ ਹੈ। ਬਾਣੀ ਦੇ ਪਾਠ ਬਾਰੇ ਤੇ ਖਾਲਸਾ ਰਹਿਤ ਬਾਰੇ ਸਿਰਫ ਉਹੀ ਕੁਝ ਲਿਖਿਆ ਗਿਆ ਹੈ ਜੋ ਪਹਿਲੇ ਰਹਿਤਨਾਮਿਆਂ ਵਿਚ ਆ ਚੁੱਕਿਆ ਹੈ। ਨਵੀਂ ਗੱਲ ਸਿਰਫ ਇਹ ਹੀ ਹੈ:-

ਗੁਰੂ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ॥
ਜੋ ਸਿੱਖ ਮੋ ਮਿਲਬੋ ਚਹਿਹ ਖੋਜ ਇਨਹੁ ਮਹਿ ਲੇਹੁ॥24॥
. . . . . . . . . . . . . . . . . . . . . . . . .
ਸਤਿਗੁਰ ਦੀ ਬਾਣੀ ਬਿਨਾਂ ਰਸਨਾ ਰਟਹਿ ਜੋ ਹੋਰ॥
ਸੋ ਮਾਰਿਆ ਕਰਤਾਰ ਕਾ ਪੜਾ ਨਰਕਿ ਮਧ ਘੋਰ॥26॥

ਹੋਰ ਜਿਤਨੇ ਵੀ ਰਹਿਤਨਾਮੇ ਹਨ ਉਹ ਸਾਰੇ ਬਹੁਤ ਪਿੱਛੋਂ ਦੇ ਹਨ। ਭਾਈ ਦਯਾ ਸਿੰਘ ਵਾਲਾ ਰਹਿਤਨਾਮਾ ਨਿਹੰਗ ਸਿੰਘਾਂ ਵਲੋਂ ਬੁਰਜ ਬਾਬਾ ਫੂਲਾ ਸਿੰਘ ਅਕਾਲੀ ਵਿਚ ਰਹਿੰਦਿਆਂ ਲਿਖਿਆ ਗਿਆ ਸੀ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਵੀ ਪਿੱਛੋਂ ਦਾ ਹੈ। ਨਿਹੰਗ ਸ਼ਬਦ ਪਿੱਛੋਂ ਦਾ ਹੈ। ਭਾਈ ਦੇਸਾ ਸਿੰਘ ਦਾ ਰਹਿਤਨਾਮਾ 1780 ਵਿਆਂ ਤੋਂ ਪਿੱਛੋਂ ਦਾ ਹੈ। *ਪ੍ਰੇਮ ਸੁਮਾਰਗ ਗ੍ਰੰਥ* ਵਾਲਾ ਰਹਿਤਨਾਨਾ ਬਾਬਾ ਰਾਮ ਸਿੰਘ ਨਾਮਧਾਰੀ ਦੇ ਕਿਸੇ ਸ਼ਰਧਾਲੂ ਵਲੋਂ ਲਿਖਿਆ ਗਿਆ ਹੈ। *ਸੌ ਸਾਖੀ* ਵਾਲੇ ਰਹਿਤਨਾਮੇ ਕਿਸੇ ਵੀ ਤਰ੍ਹਾਂ ਭਰੋਸੇਯੋਗ ਨਹੀਂ ਹਨ।

ਇਕ ਭਾਈ ਚਉਪਾ ਸਿੰਘ ਦਾ ਰਹਿਤਨਾਮਾ ਹੈ ਜਿਹੜਾ ਹੈ ਤਾਂ 1750 ਈ. ਦੇ ਨੇੜੇ-ਤੇੜੇ ਦੀ ਲਿਖਤ ਪਰ ਇਹ ਰਹਿਤਨਾਮਾ ਕਿਉਂਕਿ ਭਾਈ ਚਉਪਾ ਸਿੰਘ ਤੋਂ ਲਈ ਗਈ ਜਾਣਕਾਰੀ ਅਨੁਸਾਰ ਲਿਖਿਆ ਗਿਆ ਹੈ, ਇਸ ਲਈ ਇਸ ਦੀ ਕੁਝ ਕੁ ਇਤਿਹਾਸਕ ਮਹੱਤਤਾ ਹੈ। ਭਾਈ ਚਉਪਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਖਿਡਾਵਾ ਸੀ। ਇਸ ਲਈ ਭਾਈ ਸਾਹਿਬ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਹਾਸਲ ਸੀ ਪਰ ਇਹ ਰਹਿਤਨਾਮਾ ਭਾਈ ਚਉਪਾ ਸਿੰਘ ਨੇ ਖੁਦ ਨਹੀਂ ਲਿਖਿਆ। ਲਿਖਿਆ ਇਹ ਉਨ੍ਹਾਂ ਦੇ ਪੋਤਰੇ ਭਾਈ ਗੁਰਬਖ਼ਸ ਸਿੰਘ ਨੇ ਹੈ। ਕੁਦਰਤੀ ਗੱਲ ਹੈ ਕਿ ਤੀਸਰੀ ਪੀੜ੍ਹੀ ਵਲੋਂ ਲਿਖੀਆਂ ਗਈਆਂ ਗੱਲਾਂ ਵਿਚ ਬਹੁਤ ਵਾਧਾ-ਘਾਟਾ ਹੋ ਜਾਂਦਾ ਹੈ। ਵਾਧਾ-ਘਾਟਾ ਇਸ ਵਿਚ ਵੀ ਬਹੁਤ ਹੈ। ਲੋੜ ਨਾਲੋਂ ਜ਼ਿਆਦਾ ਵਿਸਥਾਰ ਦਿੱਤਾ ਗਿਆ ਹੈ। ਨਸੀਹਤ ਵਾਲੀ ਲਿਖਤ ਜਿਤਨੀ ਸੰਖੇਪ ਹੁੰਦੀ ਹੈ ਉਤਨੀ ਹੀ ਮਹੱਤਵਪੂਰਨ ਹੁੰਦੀ ਹੈ। ਇਹ ਜਿਤਨੀ ਵਿਸਥਾਰਮਈ ਹੁੰਦੀ ਜਾਂਦੀ ਹੈ ਉਤਨੀ ਹੀ ਮਹੱਤਤਾ ਘੱਟਦੀ ਜਾਂਦੀ ਹੈ। ਭਾਈ ਚਉਪਾ ਸਿੰਘ ਦੇ ਰਹਿਤਨਾਮੇ ਵਿਚ ਵੀ ਬਹੁਤ ਗੱਲਾਂ ਐਸੀਆਂ ਹਨ ਜੋ ਗਲਤ ਸਾਬਤ ਹੋ ਚੁੱਕੀਆਂ ਹਨ। ਮਿਸਾਲ ਦੇ ਤੌਰ ਤੇ ਜਿਨੀ ਵੀ ਵਿਧੀ ਇਸ ਵਿਚ ਅੰਮ੍ਰਿਤ ਤਿਆਰ ਕਰਨ ਦੀ ਦੱਸੀ ਗਈ ਹੈ ਉਹ ਸਾਰੀ ਦੀ ਸਾਰੀ ਹੀ ਮੰਨਣਯੋਗ ਨਹੀਂ ਹੈ। ਸਾਲ ਵੀ ਖਾਲਸੇ ਦੀ ਸਾਜਨਾ ਦਾ (1697 ਈ.) ਗਲਤ ਹੈ। ਲਿਖਤ ਵਿਚ ਬਾਹਮਣਵਾਦ ਜ਼ਿਆਦਾ ਭਾਰੂ ਹੈ। ਫਿਰ ਵੀ ਇਸ ਵਿਚ ਨਾ 'ਬਚਿੱਤ੍ਰ ਨਾਟਕ' ਦਾ ਜ਼ਿਕਰ ਹੈ ਨਾ *ਦਸਮ-ਗ੍ਰੰਥ* ਦਾ ਸਿਰਫ 'ਚਰਿਤ੍ਰ; ਉਚਾਰਣ ਦੀ ਗੱਲ ਕੀਤੀ ਗਈ ਹੈ। ਜਿਸ ਤਰੀਕੇ ਅਨੁਸਾਰ ਚਰਿੱਤ੍ਰ ਉਚਾਰਣ ਦੀ ਗੱਲ ਕੀਤੀ ਗਈ ਹੈ ਉਹ ਨਾ ਮੰਨਣਯੋਗ ਹੈ । ਗੱਲ ਇਉਂ ਲਿਖੀ ਗਈ ਹੈ:- "ਸੰਮਤ 1748 ਬਿ. (ਸੰਨ 1691ਈ.) ਇਕ ਖਤਰਾਣੀ ਰੂਪ ਕੌਰ ਸਰੀਣ ਦੀ ਮੇਲੇ ਵਿਸਾਖੀ ਦੇ ਲਾਹੌਰੋਂ ਨਾਲ ਸੰਗਤਿ ਦੇ ਆਈ.। ਉਸ ਨੇ ਸਾਹਿਬ ਨਾਲ ਵੱਡਾ ਛਲ ਕੀਤਾ ਪਰ ਪੇਸ਼ ਨਾ ਗਈ । ਉਸ ਦੇ ਪ੍ਰਥਾਏ 'ਚਰਿਤ੍ਰ' ਉਚਾਰ ਹੋਏ । ਸੰਮਤ 1753 ਭਾਦਰੋਂ ਸ਼ੁਦੀ ਅਸ਼ਟਮੀ ਭੋਗ ਪਾਇਆ।'[17] ਭਾਵ ਕਿ ਜੇ ਰੂਪ ਕੌਰ ਦੀ ਪ੍ਰਥਾਇ ਹੀ ਇਹ ਚ੍ਰਿਤਰ ਉਚਾਰੇ ਗਏ ਸਨ ਤਾਂ ਇਹ ਰੂਪ ਕੌਰ ਦੀ ਉਸਤਤੀ ਸੀ ਜਾਂ ਉਸ ਦੀ ਨਿੰਦਿਆ? ਜੇ ਉਸਤਤੀ ਸੀ ਤਾਂ ਇਹ ਸਿਰਫ ਭੋਗ-ਬਿਲਾਸ ਵਾਲੀ ਉਸਤਤੀ ਹੈ ਜੇ ਨਿੰਦਾ ਹੈ ਤਾਂ ਔਰਤ ਦੀ ਨਿੰਦਾ ਹੈ। ਦੋਵੇਂ ਗੱਲਾਂ ਹੀ ਗੁਰਮਤ ਮਿਸ਼ਨ ਦੇ ਵਿਰੁਧ ਹਨ। ਫਿਰ ਵੀ ਇਸ ਗੱਲ ਵਿਚ ਨਾ ਪੈਂਦੇ ਹੋਏ ਵਿਸ਼ੇ ਦੀ ਗੱਲ ਤਾਂ ਇਹ ਹੈ ਕਿ *ਦਸਮ-ਗ੍ਰੰਥ* ਦਾ ਨਾਂ ਜਾਂ

'ਬਚਿੱਤ੍ਰ ਨਾਟਕ' ਦਾ ਨਾਂ ਤਾਂ ਇਸ ਲਿਖਤ ਵਿਚ ਵੀ ਨਹੀਂ ਹੈ। ਇਸ ਦਾ ਭਾਵ ਇਹ ਹੋਇਆ ਕਿ 1750 ਈ. ਤੱਕ 'ਬਚਿੱਤ੍ਰ ਨਾਟਕ' ਤੇ *ਦਸਮ-ਗ੍ਰੰਥ* ਦਾ ਨਾਂ ਪਰਚੱਲਤ ਨਹੀਂ ਹੋਇਆ ਸੀ।

ਹੁਣ ਸਿਰਫ ਇਕ ਹੋਰ ਲਿਖਤ ਦੀ ਗੱਲ ਕਰਕੇ ਲੇਖ ਨੂੰ ਸਮਾਪਤ ਕਰ ਦਿੱਤਾ ਜਾਵੇਗਾ। ਇਹ ਲਿਖਤ ਹੈ ਕੇਸਰ ਸਿੰਘ ਛਿੱਬਰ ਦੀ *ਬੰਸਾਵਲੀਨਾਵਾਂ ਦਸਾਂ ਪਾਤਸ਼ਾਹੀਆਂ'* ਕਾ । ਇਹ 1769 ਈ. ਦੀ ਲਿਖਤ ਹੈ। ਇਹ ਇਸ ਦੇ ਲੇਖਕ ਨੇ ਆਪਣੀ 70 ਸਾਲ ਦੀ ਉਮਰ ਵਿਚ ਜਾ ਕੇ ਲਿਖੀ ਸੀ। ਇਸ ਵਿਚ ਲੇਖਕ ਨੇ ਖੁਦ ਲਿਖਿਆ ਹੈ ਕਿ ਉਸ ਨੇ ਸਾਲ-ਸੰਮਤ ਜਾਣ ਬੁੱਝ ਕੇ ਨਹੀਂ ਲਿਖੇ ਕਿਉਂਕਿ ਉਹ ਸਾਰੀਆਂ ਗੱਲਾਂ ਨੂੰ ਅਟੇ-ਸਟੇ ਨਾਲ ਹੀ ਲਿਖ ਰਿਹਾ ਹੈ:

ਸੰਮਤ ਮਿਤੀ ਭੁਲ ਕੇ ਨਹੀਂ ਲਿਖੇ । ਮਤਿ ਕਿਛ ਅਗੇ ਪਿਛੇ ਕਰ ਬਹੇ॥623॥

ਪਰ ਇਹ ਲਿਖਣ ਦੇ ਬਾਵਜੂਦ ਵੀ ਲੇਖਕ ਥਾਂ ਥਾਂ ਤੇ ਸੰਮਤ ਸਾਲ ਅਤੇ ਹੋਰ ਤਿਥੀਆਂ ਲਗਾਤਾਰ ਲਿਖ ਰਿਹਾ ਹੈ ਅਤੇ ਖੁਦ ਵੀ ਬਿਆਨ ਦੇ ਰਿਹਾ ਹੈ:

ਸੰਮਤੁ ਮਹੀਨਾ ਸੋਧ ਕੇ ਲਿਖੇ ਜਿਉਂ ਕਾ ਤਿਉਂ ਹੀ ਲਿਖੇ॥ 624॥

ਇਸ ਦਾ ਭਾਵ ਇਹ ਹੈ ਕਿ ਕੇਸਰ ਸਿੰਘ ਛਿੱਬਰ ਨੇ ਜੋ ਕੁਝ ਲਿਖਿਆ ਹੈ ਉਹ ਅੰਦਾਜ਼ੇ ਮੁਤਾਬਕ ਲਿਖਿਆ ਹੈ। ਉਸ ਦੀਆਂ ਸਾਰੀਆਂ ਦਲੀਲਾਂ ਤੇ ਤੱਥ ਆਪਾ-ਵਿਰੋਧੀ ਅਤੇ ਗੈਰ-ਇਤਿਹਾਸਕ ਹਨ। ਸਾਰੀ ਲਿਖਤ ਵਿਚ ਬਰਾਹਮਣਵਾਦ ਭਾਰੂ ਹੈ। ਕਿਸੇ ਘਟਨਾ ਦਾ ਇਕ ਦੂਜੇ ਨਾਲ ਕੋਈ ਸਬੰਧ ਨਹੀਂ ਜੁੜਦਾ। ਗੁਰੂ ਸਾਹਿਬਾਨ ਦੀਆਂ ਜੀਵਨ ਘਟਨਾਵਾਂ ਨਾਲ ਜਿੰਨੀਆਂ ਵੀ ਤਾਰੀਕਾਂ ਛਿੱਬਰ ਨੇ ਦਿੱਤੀਆਂ ਹਨ ਉਹ ਸਭ ਗਲਤ ਸਾਬਤ ਹੋ ਚੁੱਕੀਆਂ ਹਨ। ਇਹ ਸਭ ਕੁਝ ਮੈਂ ਇਸ ਕਰਕੇ ਦੱਸਿਆ ਹੈ ਕਿ ਇਹ ਸਿਰਫ ਕੇਸਰ ਸਿੰਘ ਛਿੱਬਰ ਦੀ ਲਿਖਤ ਹੈ ਜਿਸ ਵਿਚ ਪਹਿਲੀ ਵਾਰ ਸਪਸ਼ਟ ਰੂਪ ਵਿਚ 'ਬਚਿੱਤ੍ਰ ਨਾਟਕ' ਅਤੇ ਕੋਈ ਹੋਰ ਗ੍ਰੰਥ ਲਿਖਣ ਦਾ ਜ਼ਿਕਰ ਕੀਤਾ ਗਿਆ ਹੈ। ਛਿੱਬਰ ਦਾ ਇਹ ਵੇਰਵਾ ਵੀ ਸਪਸ਼ਟ ਨਹੀਂ ਹੈ। ਹੋਰ ਗ੍ਰੰਥ ਲਿਖਣ ਦੀ ਗੱਲ ਵੀ ਕੁਝ ਭੰਬਲਭੂਸੇ ਵਾਲੀ ਹੈ। ਗੱਲ ਤਾਂ ਚੱਲ ਰਹੀ ਹੈ ਧੀਰ ਮੱਲ ਕੋਲੋਂ *ਗੁਰੂ-ਗ੍ਰੰਥ* ਸਾਹਿਬ ਦੀ ਮੁੱਢਲੀ ਬੀੜ ਲਿਆਉਣ ਦੀ। ਧੀਰ ਮੱਲ ਨੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਫਿਰ ਗੁਰੂ ਗੋਬਿੰਦ ਸਿੰਘ ਜੀ ਖੁਦ ਆਪਣੀ ਰਸਨਾ ਤੋਂ ਨਵੇਂ ਗ੍ਰੰਥ ਦੀ ਸਿਰਜਨਾ ਕਰਦੇ ਦਿਖਾਏ ਜਾ ਰਹੇ ਨੇ। ਨਵੇਂ ਗ੍ਰੰਥ ਦੀ ਸਿਰਜਨਾ ਕਰਦੇ ਹੋਏ, ਛਿੱਬਰ ਮੁਤਾਬਕ, ਗੁਰੂ ਜੀ ਕੋਈ ਹੋਰ ਹੀ ਨਵਾਂ ਗ੍ਰੰਥ ਤਿਆਰ ਕਰ ਦਿੰਦੇ ਨੇ। ਇਸ ਗ੍ਰੰਥ ਦਾ ਨਾਂ ਸੀ 'ਸਮੁੰਦ੍ਰ ਸਾਗਰ'। ਇਹ ਗ੍ਰੰਥ ਬਹੁਤ ਵੱਡਾ ਬਣ ਗਿਆ ਸੀ। ਫਿਰ ਇਸ ਨੂੰ ਨਦੀ ਵਿਚ ਰੋੜ੍ਹ ਦਿਤਾ। ਫਿਰ ਦੂਜਾ ਗ੍ਰੰਥ ਉਚਾਰਿਆ। ਪਹਿਲੇ ਗ੍ਰੰਥ ਵਿਚਲੀ ਲਿਖਤ ਕੋਈ ਹੋਰ ਸੀ ਇਸ ਨਵੇਂ ਗ੍ਰੰਥ ਵਿਚ ਹੋਰ। ਜਿਲਦ ਨਾ ਪਹਿਲੇ ਗ੍ਰੰਥ ਦੀ ਕੀਤੀ ਗਈ ਸੀ ਅਤੇ ਨਾ ਹੀ ਇਸ ਨਵੇਂ ਗ੍ਰੰਥ ਦੀ। ਸਿਰਫ ਇਕ ਸਿੱਖ ਨੇ ਇਸ ਦੇ ਸੱਤ ਪਤਰੇ ਲਾਹੌਰ ਵਿਚ ਕਿਸੇ ਸਿੱਖ ਦੇ ਪਾਸ ਦੇਖੇ ਸੀ। ਇਸ ਦੂਜੇ ਗ੍ਰੰਥ ਦੀਆਂ ਸੰਚੀਆਂ ਖਿੰਡ-ਪੁੰਡ ਗਈਆਂ ਸਨ। ਫਿਰ ਮਨੀ ਸਿੰਘ ਦੂਜੇ ਅੰਮ੍ਰਿਤਸਰ ਪਹੁੰਚੇ। ਇਹ ਬਹੁਤ ਪੈਸੇ ਲੈ ਕੇ ਆਏ ਸਨ। ਇਨ੍ਹਾਂ ਨੇ ਪੈਸੇ ਦੇ ਕੇ ਪੱਤਰੇ ਇਕੱਠੇ ਕਰਵਾਏ ਅਤੇ ਦੋਵੇਂ ਗ੍ਰੰਥਾਂ ਨੂੰ ਇਕੱਠਾ

ਕਰ ਦਿੱਤਾ। ਇਹ ਦੋਵੇਂ ਗ੍ਰੰਥ ਸਨ *ਆਦਿ ਗ੍ਰੰਥ* ਅਤੇ ਦਸਵੀਂ ਪਾਤਸ਼ਾਹੀ ਦਾ ਗ੍ਰੰਥ। ਆਦਿ ਗ੍ਰੰਥ ਵਿਚੋਂ ਦੂਜੇ ਮਨੀ ਸਿੰਘ ਨੇ ਭਗਤਾਂ ਦੀ ਬਾਣੀ ਕੱਢ ਦਿੱਤੀ। ਜਿਨ੍ਹਾਂ ਸਿੱਖਾਂ ਨੇ ਸੰਯੁਕਤ ਗ੍ਰੰਥ ਭਗਤਾਂ ਦੀ ਬਾਣੀ ਤੋਂ ਰਹਿਤ ਦੇਖਿਆ ਉਨ੍ਹਾਂ ਨੇ ਮਨੀ ਸਿੰਘ ਦੂਜੇ ਨੂੰ ਸ਼ਰਾਪ ਦੇ ਦਿਤਾ ਕਿ ਤੂੰ ਬੰਦ-ਬੰਦ ਕੱਟ ਕੇ ਮਰੇਂਗਾ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ 1698 ਈ. ਵਿਚ ਸਿੱਖਾਂ ਦੇ ਪੁੱਛਣ ਤੇ ਦੱਸਿਆਂ ਕਿ ਆਦਿ ਗ੍ਰੰਥ ਤਾਂ ਗੁਰੂ ਗ੍ਰੰਥ ਹੈ ਦੂਜਾ ਗ੍ਰੰਥ ਸਾਡੀ ਖੇਡ ਹੈ। ਇਹ ਅਲੱਗ ਅਲੱਗ ਹੀ ਰਹਿਣਗੇ। ਇਹ ਸਾਰੇ ਬਿਰਤਾਂਤ ਕੇਸਰ ਸਿੰਘ ਛਿੱਬਰ ਨੇ ਬੰਦ ਨੰਬਰ 373 ਤੋਂ ਲੈ ਕੇ 391 ਤਕ ਦੇ ਬੰਦਾਂ ਵਿਚ ਦਿੱਤਾ ਹੈ। ਇਸ ਦੀਆਂ ਚੋਣਵੀਆ ਤੁਕਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:-

ਧੀਰ ਮਲ ਨ ਦਿਤਾ ਜਬਾਬ ਮੋੜ ਪਠਾਇਆ ॥373॥
ਸਾਹਿਬ ਰਸਨੀ ਲਗੇ ਹੋਰੁ ਉਚਾਰ ਕਰਨ॥
ਸਮੁੰਦ੍ਰ ਸਾਗਰ ਗ੍ਰੰਥ ਦੀ ਰਸਨੀ ਸਾਹਿਬ ਦੀ ਹੋਰ ਲਗ ਬਣਨ।
ਸੋ ਬਡਾ ਗ੍ਰੰਥ ਜੀ ਦਾ ਬਣਿਆ । ਇਕਾਨਵੇਂ ਸਤਰਾਂ ਇਸਦੀਆਂ ਮੈ ਭੀ ਗਣੀਆਂ॥1377॥
ਸੰਮਤੁ ਸਤਾਰਾ ਸੈ ਅਠਵੰਜੇ (1701 ਈ.) ਸੋ ਗ੍ਰੰਥ ਜੀ ਨਦੀ ਪਵਾਇਆ।
ਕੋਈ ਕੋਈ ਪਤਰਾ ਤਿਸ ਗ੍ਰੰਥ ਜੀ ਦਾ ਸਿੱਖਾਂ ਨੂੰ ਹਥਿ ਆਇਆ।
ਅਤੇ ਦੁਜਾ ਗ੍ਰੰਥ ਜੀ ਹੋਰੁ ਸਾਹਿਬ ਉਚਾਰ ਕੀਤਾ।
ਉਸ ਵਿਚਿ ਬਾਣੀ ਹੋਰੁ ਇਸ ਵਿਚਿ ਹੋਰੁ ਵੱਖੋ ਵਖੀ ਕਰਿ ਲੀਤਾ॥378॥
ਇਸ ਵਿਚ ਅਵਤਾਰ ਲੀਲਾ (ਬਚਿੱਤ੍ਰ ਨਾਟਕ) ਲਿਖੀ ਸੀ ਸਪੂਰਨ।
ਉਸ ਵਿਚਿ ਹੋਰ ਅਚਰਜ ਲਿਖ ਕੀਤਾ ਸੀ ਪੂਰਨ। ਜਿਲਦ ਦੋਹਾਂ ਦੀ ਨਹੀਂ ਸੀ ਹੋਈ॥379॥
ਸਤਿ ਪਤ੍ਰੇ ਲਾਹੌਰ ਇਕ ਸਿਖੁ ਪਾਸ ਭੀ ਆਹੇ...।
ਸੰਮਤ ਸਤਾਰਾਂ ਸੈ ਬਿਆਸੀ (1725 ਈ.) ਜਬ ਆਏ
ਤਬ ਭਾਈ ਮਨੀ ਸਿੰਘ ਜੀ ਦੂਜੇ ਅੰਮ੍ਰਿਤਸਰ ਆਵਤ ਪਏ ॥381॥
ਸੋ ਸਿਖ ਬਹੁਤ ਹੀ ਮਾਇਆ ਲੈ ਕੇ ਹੈਸੀ ਆਇਆ।
ਸਿਖਾਂ ਨੂੰ ਦੇ ਖਰਚ ਬਾਣੀ ਢੁਵਾਇਆ ॥382॥
ਜੋ ਭਗਤ ਬਾਣੀ ਆਦਿ ਗ੍ਰੰਥ ਦੀ ਜੁਦਾ ਕਰਿ ਲਿਖੀ ਸੋਈ ॥383॥
ਆਦਿ ਗ੍ਰੰਥ ਅਤੇ ਦਸਵੀਂ ਪਾਤਿਸ਼ਾਹੀ ਦਾ ਦੋਵੇਂ ਗ੍ਰੰਥ ਇਕ ਕਰਾਇਆ.....।
ਦੇਖ ਕੇ ਸਿਖ ਐਸੇ ਬਚਨ ਕਰਿਆ। ਕਹਿਆ ਭਾਈ ਸਿਖਾ ਤੂੰ ਭਗਤ ਜੁਦੇ ਕਿਉ ਕਰਿ ਧੀਰਆ।
ਤੁਧ ਬਧੀ ਮ੍ਰਿਜਾਦਾ ਗੁਰੂ ਦੀ ਕੀਤੀ ਹੈ ਤ੍ਰੋੜੀ।
ਤੇਰੇ ਅੰਗ ਜੁਦਾ ਜੁਦਾ ਕੀਤੇ ਚਾਹੀਅਨ ਛੋੜੀ॥385॥
ਸੰਮਤ ਸਤਾਰਾਂ ਸੈ ਪਚਵੰਜੇ (1698 ਈ.). ਸਿਖਾਂ ਸਾਹਿਬ ਅਗੇ ਬਿਨਤੀ ਸੀ ਕੀਤੀ।
ਸਾਹਿਬ ਬਚਨ ਕੀਤਾ ਇਹ ਆਦਿ ਗੁਰੂ ਹੈ ਗ੍ਰੰਥ ॥
ਓਹ ਅਸਾਡੀ ਖੇਡ ਹੈ ਜੁਦਾ ਰਹੇ ਮਨ ਮੰਥ॥389॥

ਇਨ੍ਹਾਂ ਉਪਰੋਕਤ ਟੂਕਾਂ ਵਿਚ ਲੇਖਕ ਨੇ ਐਸਾ ਅੱਲ ਦਾ ਪਟੱਲ ਮਾਰਿਆ ਹੋਇਆ ਹੈ ਕਿ ਕਿਸੇ ਵੀ ਗੱਲ ਦਾ ਮੂੰਹ ਮੱਥਾ ਨਹੀਂ ਬਣਦਾ। ਕਿਸੇ ਦੀ ਲੱਤ ਫੜ ਲਈ ਤੇ ਕਿਸੇ ਦੀ ਬਾਂਹ। *ਦਸਮ-ਗ੍ਰੰਥ* ਦੀ ਸਾਰੀ ਗੱਲ ਇਥੋਂ ਹੀ ਸ਼ੁਰੂ ਹੁੰਦੀ ਹੈ। ਇਸ ਅੱਲ-ਪਟੱਲ ਵਿਚ ਇਕ ਗੱਲ ਦੇਖਣ ਵਾਲੀ ਹੈ ਕਿ ਭਾਈ ਮਨੀ ਸਿੰਘ ਦੂਜਾ ਕੌਣ ਸੀ? ਇਹ ਬਹੁਤ

ਪੈਸੇ ਲੈ ਕੇ ਅੰਮ੍ਰਿਤਸਰ ਪਹੁੰਚਿਆ ਸੀ। ਇਸ ਨੇ ਹੀ ਪੈਸੇ ਦੇ ਜ਼ੋਰ ਨਾਲ ਨਵੇਂ ਗ੍ਰੰਥ ਦੀ ਹੋਂਦ ਬਣਾ ਦਿੱਤੀ ਸੀ। ਕੇਸਰ ਸਿੰਘ ਨਾਲੇ ਤਾਂ ਇਸ ਨੂੰ ਦੂਜਾ ਮਨੀ ਸਿੰਘ ਦੱਸ ਰਿਹਾ ਹੈ ਤੇ ਨਾਲੇ ਇਸੇ ਦੇ ਹੀ ਬੰਦ ਬੰਦ ਕਟਵਾ ਰਿਹਾ ਹੈ। ਜਾਂ ਤਾਂ ਇਸ *ਬੰਸਾਵਲੀਨਾਵੇਂ* ਨੂੰ ਸੰਪਾਦਿਤ ਕਰਨ ਵਾਲੇ ਨੇ ਆਪਣੀ ਮਰਜ਼ੀ ਨਾਲ ਇਸ ਦੀ ਰੂਪ-ਰੇਖਾ ਬਿਗਾੜ ਕੇ ਸਾਡੇ ਸਾਹਮਣੇ ਰੱਖ ਦਿੱਤਾ ਹੈ ਤੇ ਜਾਂ ਫਿਰ ਲੇਖਕ ਦੀ ਅਟੇ-ਸਟੇ ਅਨੁਸਾਰ ਲਿਖੀ ਲਿਖਤ ਹੀ ਭੰਬਲਭੂਸਿਆਂ ਵਾਲੀ ਹੈ। ਇਸ ਭੰਬਲਭੂਸਿਆਂ ਵਾਲੀ ਲਿਖਤ ਨੇ ਸਿੱਖਾਂ ਵਿਚ ਇਕ ਐਸੇ ਵਿਵਾਦ ਨੀਂ ਰਸਤਾ ਖੋਲ੍ਹ ਦਿੱਤਾ ਹੈ ਜਿਸ ਨੇ ਸਮੁੱਚੀ ਕੌਮ ਨੂੰ ਦੋ ਧੀੜਆ ਵਿਚ ਵੰਡ ਦਿੱਤਾ ਹੈ। ਇਸ ਤੋਂ ਪਿੱਛੋਂ ਦੀ ਹਰ ਲਿਖਤ ਵਿਚ 'ਬਚਿੱਤ੍ਰ ਨਾਟਕ' ਦਾ ਤੇ *ਦਸਮ-ਗ੍ਰੰਥ* ਦਾ ਵੇਰਵਾ ਵੱਧ ਤੋਂ ਵੱਧ ਵਿਸਥਾਰ ਪਕੜਦਾ ਰਿਹਾ ਹੈ। ਯੂਰਪੀਅਨ ਲੇਖਕਾਂ ਨੇ ਤਾਂ ਇਸ ਵਿਸਥਾਰ ਨੂੰ ਸਿਖਰਾਂ ਤੇ ਪਹੁੰਚਾ ਦਿਤਾ ਹੈ। ਇਹ ਕੋਈ ਸਾਜ਼ਿਸ਼ ਸੀ ਜਾਂ ਕਮ-ਅਕਲੀ, ਇਸ ਦਾ ਨਿਰਣਾ ਪਾਠਕ ਖ਼ੁਦ ਕਰ ਸਕਦੇ ਹਨ। ਕੇਸਰ ਸਿੰਘ ਛਿੱਬਰ ਦੀ ਲਿਖਤ (1769 ਈ.) ਤੋਂ ਪਹਿਲਾਂ ਕਿਸੇ ਵੀ ਲਿਖਤ ਵਿਚ ਨਾ ਹੀ 'ਬਚਿੱਤ੍ਰ ਨਾਟਕ' ਜਾ ਜ਼ਿਕਰ ਹੈ ਅਤੇ ਨਾ ਹੀ *ਦਸਮ-ਗ੍ਰੰਥ* ਦਾ । 1769 ਈ. ਦੇ ਸਮੇਂ ਅਚਾਨਕ ਹੀ ਕਿਸੇ ਮਨੀ ਸਿੰਘ ਦੂਜੇ ਦੇ ਆ ਜਾਣ ਕਾਰਨ ਇਨ੍ਹਾਂ ਦਾ ਇਕ ਦਮ ਜ਼ਿਕਰ ਆਉਣਾ ਸ਼ੁਰੂ ਹੋ ਗਿਆ ਸੀ। ਸਮਾਂ ਤਾਂ ਸੀ ਇਹ ਸਿੱਖ ਮਿਸਲਾਂ ਦੇ ਰਾਜ ਦਾ। ਸਮਝਿਆ ਜਾ ਸਕਦਾ ਹੈ ਕਿ ਜਾ ਤਾਂ ਕਿਸੇ ਮਿਸਲਦਾਰ ਨੇ ਕਿਸੇ ਮਨੀ ਸਿੰਘ ਦੂਜੇ ਨੂੰ ਪੈਸੇ ਦੇ ਕੇ *ਦਸਮ-ਗ੍ਰੰਥ* ਦੀ ਜਿਲਦ ਤਿਆਰ ਕਰਵਾ ਲਈ ਹੋਵੇ ਤੇ ਜਾਂ ਫਿਰ ਕਿਸੇ ਡੇਰੇਦਾਰ ਨੇ ਸਿੱਖ ਮਿਸਲਦਾਰਾਂ ਤੋਂ ਜਾਗੀਰ ਪ੍ਰਾਪਤ ਕਰਨ ਲਈ ਐਸਾ ਪਾਖੰਡ ਰਚ ਲਿਆ ਹੋਵੇ। ਜਾਂ ਫਿਰ ਹੋ ਸਕਦਾ ਹੈ ਕਿ ਕੇਸਰ ਸਿੰਘ ਛਿੱਬਰ ਨੇ ਹੀ ਸਿੱਖ ਮਿਸਲਦਾਰਾਂ ਕੋਲੋਂ ਧਨ ਬਟੋਰਨ ਲਈ *ਦਸਮ-ਗ੍ਰੰਥ* ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੋਵੇ। ਇਨ੍ਹਾਂ ਵਿਚੋਂ ਕੋਈ ਨਾ ਕੋਈ ਇਕ ਗੱਲ ਜ਼ਰੂਰ ਹੈ।

ਹੁਣ ਸਭ ਤੋਂ ਅਖੀਰ ਵਿਚ *ਦਸਮ-ਗ੍ਰੰਥ* ਦੀ ਗੱਲ ਕਰਦੇ ਹਾਂ। ਪਹਿਲੀ ਗੱਲ ਤਾਂ ਇਸ ਬਾਰੇ ਇਹ ਹੈ ਕਿ *ਦਸਮ-ਗ੍ਰੰਥ* ਦੀ ਅਜੇ ਤਕ ਕੋਈ ਵੀ ਐਸੀ ਪਰਵਾਣਤ ਬੀੜ ਨਹੀਂ ਹੈ ਜਿਸ ਨੂੰ ਬਿਲਕੁਲ ਠੀਕ ਮੰਨ ਲਿਆ ਗਿਅ ਹੋਵੇ। ਕਿਸ ਬੀੜ ਨੂੰ ਕੇਂਦਰੀ ਬਿੰਦੂ ਬਣਾਇਆ ਜਾਵੇ? ਕਿਸੇ ਇਕ ਬੀੜ ਨੂੰ ਪਰਵਾਣਤ ਮੰਨੇ ਬਿਨਾਂ ਤਾਂ ਕੋਈ ਵੀ ਗੱਲ ਨਹੀਂ ਹੋ ਸਕਦੀ । ਹਰ ਬੀੜ ਵਿਚਲੀ ਵਿਸ਼ਾ-ਸੂਚੀ ਅਲੱਗ ਅਲੱਗ ਹੈ। ਰਚਨਾਵਾਂ ਦੇ ਬੰਦ ਘੱਟ-ਵੱਧ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਤਿੰਨ ਜਿਲਦਾਂ ਵਿਚ ਛਾਪੇ ਗਏ *ਦਸਮ-ਗ੍ਰੰਥ* ਵਿਚ 'ਚਰਿਤਰੋ ਪਖਿਆਨ' ਸ਼ਾਮਲ ਹੀ ਨਹੀਂ ਹਨ। ਪਰ ਜਿਹੜੀਆਂ ਜਿਲਦਾਂ *ਦਸਮ-ਗ੍ਰੰਥ* ਦੀਆਂ ਪੰਜਾਬ ਇਤਿਹਾਸ ਅਧਿਐਨ ਵਿਭਾਗ ਦੀ ਲਾਇਬਰੇਰੀ ਵਿਚ ਪਈਆਂ ਹਨ ਉਨ੍ਹਾਂ ਵਿਚ ਇਹ ਰਚਨਾ ਸ਼ਾਮਲ ਹੈ । ਜੇ ਇਕ ਵਾਰ ਇਕ ਰਚਨਾ ਨੂੰ ਕੱਢ ਦਿੱਤਾ ਗਿਆ ਹੈ ਤਾਂ ਇਸ ਦਾ ਮਤਲਬ ਹੈ ਕਿ ਜਿਹੜੀਆਂ *ਦਸਮ-ਗ੍ਰੰਥ* ਦੀਆਂ ਬੀੜਾਂ ਵਿਚ ਹੁਣ ਤਕ 'ਚਰਿੱਤਰੋ ਪਖਿਆਨ' ਦਰਜ ਚਲੀ ਆਉਂਦੀ ਸੀ ਕੀ ਉਹ ਗਲਤ ਸਨ? ਜ਼ਫਰਨਾਮੇ ਵਿਚ ਇਤਨਾ ਵਾਧਾ ਹੋਇਆ ਸੀ ਕਿ ਆਖਰ ਇਸ ਨੂੰ ਇਕ ਪਰਵਾਣਤ ਰੂਪ ਸਿਰਫ 1966 ਵਿਚ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ ਛਾਪ ਕੇ ਦਿੱਤਾ ਗਿਆ ਹੈ। ਇਸ ਦਾ ਮਤਲਬ ਹੈ ਕਿ

ਇਸ ਤੋਂ ਪਹਿਲਾਂ ਜਿਹੜੀਆ ਬੀੜਾਂ ਵਿਚ ਜੋ ਜ਼ਫਰਨਾਮਾ ਸੀ ਉਹ ਗਲਤ ਸੀ? ਇਹ ਗੱਲਾਂ ਬਿਲਕੁਲ ਸਪਸ਼ਟ ਹਨ। *ਦਸਮ-ਗ੍ਰੰਥ* ਨੂੰ ਗੁਰੂ-ਕ੍ਰਿਤ ਮੰਨਣ ਵਾਲੇ ਸੱਜਣ ਕਿਸੇ ਇਕ ਐਸੀ ਬੀੜ ਬਾਰੇ ਤਾਂ ਦਸਣ ਜਿਹੜੀ ਬਿਲਕੁਲ ਠੀਕ ਮੰਨੀ ਗਈ ਹੋਵੇ। ਕੀ ਭਾਈ ਮਨੀ ਸਿੰਘ ਜੀ ਨੇ, ਜਿਵੇਂ ਕਿ ਇਹ ਲੋਕ ਮੰਨਦੇ ਹਨ ਕਿ *ਦਸਮ-ਗ੍ਰੰਥ* ਦੀ ਸੰਪਾਦਨਾ ਉਨ੍ਹਾਂ ਨੇ ਕੀਤੀ ਸੀ, ਇਨ੍ਹਾਂ ਗਲਤ ਬੀੜਾਂ ਦੀ ਹੀ ਜਿਲਦਬੰਦੀ ਕਰਵਾਈ ਸੀ? ਭਾਈ ਸਾਹਿਬ ਦੀ ਚਿੱਠੀ ਦਾ ਸਹਾਰਾ ਲੈਣ ਵਾਲੇ ਸੱਜਣਾਂ ਪਾਸ ਇਸ ਗੱਲ ਦਾ ਕੀ ਜਵਾਬ ਹੈ? *ਦਸਮ-ਗ੍ਰੰਥ* ਦੀਆਂ ਅਨੇਕਾਂ ਰਚਨਾਵਾਂ ਵਿਚ ਉਨ੍ਹਾਂ ਨੂੰ ਲਿਖਣ ਵਾਲੇ ਲੇਖਕਾਂ ਦੇ ਨਾਂ ਮਿਲ ਜਾਂਦੇ ਹਨ ਪਰ ਭਾਈ ਰਣਧੀਰ ਸਿੰਘ ਵਰਗੇ ਸਮਝਦਾਰ ਸੱਜਣ ਵੀ ਇਨ੍ਹਾਂ ਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਹੋਰ ਉਪ-ਨਾਂ ਹੀ ਦਰਸਾਉਂਦੇ ਹਨ। ਜੇਕਰ ਇਸ ਧਾਰਨਾ ਨੂੰ ਸੱਚ ਮੰਨ ਲਿਆ ਜਾਵੇ ਫਿਰ ਤਾਂ ਕਵੀ ਸੈਨਾਪਤਿ ਨੂੰ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੋਰ ਉਪ-ਨਾਂ ਮੰਨ ਲੈਣਾ ਚਾਹੀਦਾ ਹੈ। ਸੈਨਾਪਤਿ ਦੀ *ਸ੍ਰੀ ਗੁਰ ਸੋਭਾ, ਦਸਮ-ਗ੍ਰੰਥ* ਦੀਆਂ ਸਾਰੀਆ ਰਚਨਾਵਾਂ ਨਾਲੋਂ ਇਤਿਹਾਸਕ ਤੌਰ ਤੇ ਜ਼ਿਆਦਾ ਦਰੁਸਤ ਹੈ ਇਸ ਲਈ ਜੇ *ਸ੍ਰੀ ਗੁਰ ਸੋਭਾ* ਨੂੰ ਗੁਰੂ ਜੀ ਦੀ ਰਚਨਾ ਮੰਨ ਲਿਆ ਜਾਵੇਂ ਤਾਂ ਘੱਟੋ-ਘੱਟ ਉਸ ਵਿਚ ਕੁਝ ਦਲੀਲ ਤਾਂ ਦਿੱਤੀ ਜਾ ਸਕਦੀ ਹੈ।

ਸਭ ਤੋਂ ਵੱਡੀ ਦੇਖਣ ਵਾਲੀ ਗੱਲ ਇਹ ਹੈ ਕਿ ਇਹ ਸਿੱਖ ਗੁਰੂ ਸਾਹਿਬਾਨ ਦੀ ਕਿਤਨੀ ਵੱਡੀ ਪਰੰਪਰਾ ਰਹੀ ਹੈ ਕਿ ਹਰ ਗੁਰੂ ਨੇ ਆਪਣੀ ਬਾਣੀ ਵਿਚ ਸਿਰਫ 'ਨਾਨਕ' ਨਾਂ ਦੀ ਹੀ ਛਾਪ ਵਰਤੀ ਹੈ। ਕਿਸੇ ਵੀ ਗੁਰੂ ਨੇ ਆਪਣੀ ਰਚਨਾ ਵਿਚ ਆਪਣਾ ਨਾਂ ਨਹੀਂ ਵਰਤਿਆ। ਉਨ੍ਹਾਂ ਦੀ ਬਾਣੀ ਨੂੰ ਸਿਰਫ ਮਹਲਾ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਅਤੇ ਨੌਵਾ ਪਾ ਕੇ ਹੀ ਫਰਕ ਦਰਸਾਇਆ ਗਿਆ ਹੈ। ਕਮਾਲ ਦੀ ਗੱਲ ਇਹ ਹੈ ਕਿ ਮਹਲਾ ਨੌਵਾਂ, ਦਸਮ ਪਾਤਸ਼ਾਹ ਨੇ ਖੁਦ ਲਿਖਵਾਇਆ ਹੈ। ਜਿਹੜਾ ਗੁਰੂ ਖੁਦ ਆਪਣੇ ਹੁਕਮ ਨਾਲ ਭਾਈ ਮਨੀ ਸਿੰਘ ਨੂੰ ਨਿਰਦੇਸ਼ ਦੇ ਰਿਹਾ ਸੀ ਕਿ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਨੌਵੇਂ ਮਹਲੇ ਦੀ ਛਾਪ ਹੇਠ ਦਰਜ ਕੀਤਾ ਜਾਵੇ ਉਹ ਗੁਰੂ ਆਪਣੀ ਬਾਣੀ ਬਾਰੇ ਕਿਵੇਂ ਬੇਪਰਵਾਹ ਹੋ ਸਕਦਾ ਸੀ? ਗੁਰੂ ਜੀ ਨੂੰ ਆਪਣੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਕੀ ਮੁਸ਼ਕਲ ਸੀ ਜਾਂ ਕਿਹੜੀ ਝਿਜਕ ਸੀ? ਜੇਕਰ ਗੁਰੂ ਸਾਹਿਬ ਨੇ *ਗੁਰੂ-ਗ੍ਰੰਥ ਸਾਹਿਬ* ਦੀ ਪੁਨਰ-ਸੰਪਾਦਨਾ ਕਰਦਿਆਂ ਆਪਣੀ ਕੋਈ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਕਰਵਾਈ ਤਾਂ ਇਸ ਦਾ ਸਾਫ ਅਤੇ ਸਪਸ਼ਟ ਮਤਲਬ ਇਹ ਹੀ ਸੀ ਕਿ ਉਨ੍ਹਾਂ ਦੀ ਆਪਣੀ ਬਾਣੀ ਕੋਈ ਹੈ ਨਹੀਂ ਸੀ। ਦਸੇ ਗੁਰੂ, ਗੁਰੂ ਨਾਨਕ ਦੀ ਜੋਤ ਸਨ। ਇਸ ਕਰਕੇ ਹਰ ਗੁਰੂ ਦੀ ਬਾਣੀ, ਜਿਸ ਨੇ ਵੀ ਰਚੀ ਸੀ, ਨਾਨਕ ਨਾਂ ਦੀ ਛਾਪ ਹੇਠ ਹੀ ਰਚੀ ਗਈ ਸੀ। ਸਿਰਫ ਉਹ ਰਚਨਾਵਾਂ ਹੀ ਨਾਨਕ ਨਾਂ ਦੀ ਛਾਪ ਤੋਂ ਬਿਨਾਂ ਹਨ ਜਿਹੜੀਆਂ ਮੀਣਿਆਂ, ਹਿੰਦਾਲੀਆਂ, ਰਾਮ ਰਾਈਆਂ, ਧੀਰ ਮੱਲੀਆਂ ਜਾਂ ਆਨੰਦਪੁਰ ਸਾਹਿਬ ਦੇ ਬੇਮੁੱਖ ਹੋਏ ਸੋਢੀਆਂ ਦੀਆਂ ਸਨ। ਕਿਸੇ ਸੱਚੇ ਗੁਰੂ ਦੀ ਬਾਣੀ ਨਾਨਕ ਨਾਂ ਦੀ ਛਾਪ ਤੋਂ ਬਿਨਾ ਨਹੀਂ ਹੋ ਸਕਦੀ ਸੀ। ਦੂਜੀ ਗੱਲ ਇਹ ਕਿ *ਦਸਮ-ਗ੍ਰੰਥ* ਦੀ ਕਿਸੇ ਵੀ ਰਚਨਾ ਵਿਚ 'ਨਾਨਕ' ਨਾਂ ਦੀ ਛਾਪ ਨਹੀਂ ਵਰਤੀ ਗਈ। ਇਹ ਇਕ ਸਭ ਤੋਂ ਵੱਡਾ ਸਬੂਤ ਹੈ। ਜੇਕਰ 'ਨਾਨਕ' ਨਾਂ ਦੀ ਛਾਪ ਤੋਂ ਬਿਨਾ ਕਿਸੇ ਰਚਨਾ ਨੂੰ *ਗੁਰੂ ਗੋਬਿੰਦ ਸਿੰਘ* ਜੀ ਦੀ ਰਚਨਾ ਮੰਨਣਾ ਹੈ ਫਿਰ

ਇਕ ਗੱਲ ਜ਼ਰੂਰ ਮੰਨਣੀ ਪਵੇਗੀ। ਉਹ ਇਹ ਕਿ ਜਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਗੁਰੂ ਸਾਹਿਬਾਨ ਦੀ ਪਰੰਪਰਾ ਨੂੰ ਤੋੜ ਦਿੱਤਾ ਸੀ ਤੇ ਜਾਂ ਹੋਰ ਕਵੀਆਂ ਦੀਆਂ ਰਚਨਾਵਾਂ ਨੂੰ ਗੁਰੂ ਨਾਲ ਜੋੜ ਕੇ ਅਸੀਂ ਗੁਰੂ ਜੀ ਨਾਲ ਦਗਾ ਕਮਾ ਰਹੇ ਹਾਂ।

ਮੋਹਸਿਨ ਫਾਨੀ ਜੈਸਾ ਸਮਕਾਲੀ ਲੇਖਕ ਇਸ ਗੱਲ ਦੀ ਗਵਾਹੀ ਦੇ ਰਿਹਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਚਿੱਠੀ-ਪੱਤਰ ਲਿਖਣ ਸਮੇਂ ਵੀ ਪੱਤਰ ਦੇ ਅਖੀਰ ਵਿਚ ਆਪਣਾ ਨਾਂ ਲਿਖਣ ਦੀ ਥਾਂ 'ਨਾਨਕ' ਹੀ ਲਿਖਦੇ ਸਨ।[18] ਭਾਵ ਕਿ ਹਰ ਗੁਰੂ ਆਪਣੇ ਆਪ ਨੂੰ ਨਾਨਕ ਦਾ ਹੀ ਦੂਸਰਾ ਰੂਪ ਸਮਝਦਾ ਸੀ। ਦਸੇ ਗੁਰੂ ਸਾਹਿਬਾਨ ਗੁਰੂ ਨਾਨਕ ਦਾ ਹੀ ਰੂਪ ਸਨ। *ਦਸਮ-ਗ੍ਰੰਥ* ਦੀਆਂ ਰਚਨਾਵਾਂ ਇਸ ਪਰੰਪਰਾ ਨੂੰ ਵੀ ਤੋੜਦੀਆਂ ਹਨ ਅਤੇ ਵਿਸ਼ਵਾਸ ਨੂੰ ਵੀ । ਜਿਥੋਂ ਤੱਕ 'ਬਚਿੱਤ੍ਰ ਨਾਟਕ' ਦਾ ਸਬੰਧ ਹੈ ਇਸ ਬਾਰੇ ਪਤਾ ਹੀ ਨਹੀਂ ਲਗਦਾ ਕਿ ਇਹ ਕਿਥੋਂ ਸ਼ੁਰੂ ਹੁੰਦਾ ਹੈ ਅਤੇ ਕਿਥੇ ਜਾ ਕੇ ਖ਼ਤਮ ਹੁੰਦਾ ਹੈ।ਜਿਵੇਂ ਕਿ ਲੇਖ ਵਿਚ ਪਹਿਲਾਂ ਹੀ ਇਕ ਥਾਂ ਤੇ ਲਿਖਿਆ ਜਾ ਚੁੱਕਿਆ ਹੈ ਕਿ ਜਿਹੜਾ *ਦਸਮ-ਗ੍ਰੰਥ,* ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਛਪਵਾਇਆ ਗਿਆ ਹੈ, ਉਸ ਵਿਚ 'ਬਚਿੱਤ੍ਰ ਨਾਟਕ' ਦੇ ਮੁੱਢ ਵਿਚ ਹੀ ਸਭ ਤੋਂ ਪਹਿਲੇ ਬੰਦ ਤੇ 504 ਦਾ ਅੰਕ ਦਿੱਤਾ ਹੋਇਆ ਹੈ ਅਤੇ ਫਿਰ ਫੁੱਟ ਨੋਟ ਵਿਚ ਦੱਸਿਆ ਗਿਆ ਹੈ ਕਿ ਹੁਣ ਇਹ 504 ਬੰਦ 'ਬਚਿੱਤ੍ਰ ਨਾਟਕ' ਵਿਚੋਂ ਕੱਢ ਦਿੱਤੇ ਗਏ ਹਨ ਅਤੇ 504 ਤੋਂ ਅੱਗੇ ਇਕ ਅੰਕ ਦਾ ਬੰਦ ਸ਼ੁਰੂ ਕਰਕੇ 471 ਬੰਦਾਂ ਤਕ ਦਾ ਮੈਟਰ ਦਿੱਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਬੀੜਾਂ ਵਿਚ 504+471 = 975 ਬੰਦਾਂ ਵਾਲਾ 'ਬਚਿੱਤ੍ਰ ਨਾਟਕ' ਸੀ। ਭਾਵ ਕਿ ਜੋ ਵੀ ਬੀੜ *ਦਸਮ-ਗ੍ਰੰਥ* ਦੀ ਪਰਚੱਲਤ ਹੈ ਉਸ ਵਿਚੋਂ ਜਦੋਂ ਜੀ ਕੀਤਾ ਮੈਟਰ ਕੱਢ ਦਿੱਤਾ ਜਾਂਦਾ ਹੈ ਅਤੇ ਜੀ ਕੀਤਾ, ਗੁਰੂ ਕ੍ਰਿਤ ਸਮਝ ਕੇ ਸ਼ਾਮਲ ਕਰ ਲਿਆ ਜਾਂਦਾ ਹੈ। ਇਹ ਮਜ਼ਾਕ ਕਿਸ ਨਾਲ ਕੀਤਾ ਜਾ ਰਿਹਾ ਹੈ? 'ਬਚਿੱਤ੍ਰ ਨਾਟਕ' ਦਾ ਇਕ ਹੋਰ ਦੁਖਾਂਤ ਇਹ ਹੈ ਕਿ ਇਸ ਦਾ ਪਤਾ ਹੀ ਨਹੀਂ ਚਲਦਾ ਕਿ ਇਹ ਖ਼ਤਮ ਕਿਥੇ ਹੁੰਦਾ ਹੈ। 'ਬਚਿੱਤ੍ਰ ਨਾਟਕ' ਤੋਂ ਇਲਾਵਾ ਅਨੇਕਾਂ ਹੋਰ ਰਚਨਾਵਾਂ ਦੇ ਪਾਠਾਂ ਦੇ ਅਖਰਿ ਵਿਚ 'ਬਚਿੱਤ੍ਰ ਨਾਟਕ ਗ੍ਰੰਥ ਲਿਖਯ ਤੇ' ਲਿਖਿਆ ਗਿਆ ਹੈ। ਮਿਸਾਲ ਦੇ ਤੌਰ ਤੇ "ਅਥ ਚੰਡੀ ਚਰਿਤ੍ਰ ਲਿਯਤੇ" ਦੇ ਬੰਦ 37 ਦੇ ਬਾਅਦ ਜੋ ਅਧਿਆਇ ਸਮਾਪਤ ਹੁੰਦਾ ਹੈ ਉਥੇ ਲਿਖਿਆ ਹੈ "ਇਤਿ ਸ੍ਰੀ ਬਚਿਤ੍ਰ ਨਾਟਕੇ, ਚੰਡੀ ਚਰਿਤ੍ਰੇ ਮਹਿਖਾਸੁਰ ਬਧਹ"। ਇਸ ਰਚਨਾਂ ਦੇ ਹਰ ਅਧਿਆਏ ਦੀ ਸਮਾਪਤੀ ਤੇ ਇਸੇ ਤਰ੍ਹਾਂ ਹੀ ਲਿਖਿਆ ਹੋਇਆ ਹੈ।[19] ਇਸੇ ਤਰ੍ਹਾਂ 'ਚੌਬੀਸ ਅਉਤਾਰ' ਦੀ ਰਚਨਾ ਦੇ ਹਰ ਅਧਿਆਇ ਦੀ ਸਮਾਪਤੀ ਤੇ "ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ" ਲਿਖਿਆ ਹੋਇਆ ਹੈ।[20] ਇਥੋਂ ਤਕ ਕਿ "ਅਥ ਬ੍ਰਹਮਾਵ-ਖਟ ਰਿਖਿ ਕਥਨੰ" ਵਿਚ ਵੀ ਅਤੇ "ਅਥ ਰੁਦ੍ਰ ਅਵਤਾਰ ਕਥਨੰ" ਦੀ ਸਮਾਪਤੀ ਤੇ ਵੀ ਇਸੇ ਤਰ੍ਹਾਂ 'ਬਚਿੱਤ੍ਰ ਨਾਟਕ' ਲਿਖਿਆ ਹੈ।[21] ਇਹ ਤਾਂ ਮੋਟੀਆਂ ਮੋਟੀਆਂ ਜਿਹੀਆਂ ਮਿਸਾਲਾਂ ਹਨ। ਹਰ ਰਚਨਾ ਦੇ ਅਖੀਰ ਤੇ ਅਨੇਕਾਂ ਥਾਵਾਂ ਤੇ ਇਸੇ ਤਰ੍ਹਾਂ ਲਿਖਿਆ ਹੈ। ਪਤਾ ਨਹੀਂ ਇਹ ਅਸਲੀ ਲੇਖਕਾਂ ਦੀ ਬੇਪਰਵਾਹੀ ਦਾ ਸਿੱਟਾ ਹੈ ਜਾਂ ਸੰਪਾਦਕਾਂ ਦੀ ਅਗਿਆਨਤਾ ਦਾ। ਪਰ ਇਹ ਪਾਠਕਾਂ ਨਾਲ ਇਕ ਮਖੌਲ ਤੋਂ ਵੱਧ ਹੋਰ

ਕੁਝ ਨਹੀਂ ਹੈ। ਕਿਸੇ ਮਿਥਿਹਾਸਕ ਕਥਾ ਦਾ ਵੀ ਕੋਈ ਸਿਰ-ਪੈਰ ਨਹੀਂ ਹੈ। ਇਸ ਸਭ ਕੁਝ ਤੋਂ ਇਲਾਵਾ ਇਕ ਮਿਸਾਲ 'ਬਚਿੱਤ੍ਰ ਨਾਟਕ' ਵਿਚੋਂ ਦਿੱਤੀ ਜਾਂਦੀ ਹੈ।

ਖਾਲਸਾ ਮਰਯਾਦਾ ਅਨੁਸਾਰ ਸਿੱਖ ਦੇ ਕੇਸ ਸਰੀਰ ਦੀ ਸਭ ਤੋਂ ਪਵਿੱਤਰ ਵਸਤੂ ਹਨ। ਇਤਨੀ ਪਵਿੱਤਰ ਕਿ ਇਨ੍ਹਾਂ ਨੂੰ ਹਰ ਸਮੇਂ ਢਕ ਕੇ ਰੱਖਣ ਦੀ ਹਦਾਇਤ ਕੀਤੀ ਗਈ ਹੈ ਅਤੇ ਇਸ ਗੱਲ ਤੋਂ ਮਨ੍ਹਾ ਕੀਤਾ ਗਿਆ ਹੈ ਕਿ ਸਿੱਖ ਰੋਟੀ ਖਾਂਦੇ ਸਮੇਂ ਆਪਣੇ ਜੂਠੇ ਹੱਥ ਵੀ ਕੇਸਾਂ ਨਾਲ ਨਾ ਲਾਵੇ। ਗੰਦੇ ਹੱਥ ਤਾਂ ਉੱਕਾ ਹੀ ਨਹੀਂ ਲੌਣੇ। 'ਬਚਿੱਤ੍ਰ ਨਾਟਕ' ਦੇ ਤੇਰਵੇਂ ਧਿਆਏ ਵਿਚ ਜਦੋਂ ਅਹਿਦੀਏ ਆਉਂਦੇ ਹਨ ਤਾਂ ਉਹ ਉਨ੍ਹਾਂ ਸਿੱਖਾਂ ਨੂੰ ਜਿਹੜੇ ਗੁਰੂ ਤੋਂ ਬੇਮੁਖ ਹੋ ਕੇ ਭੱਜ ਗਏ ਸਨ ਉਨ੍ਹਾਂ ਨੂੰ ਉਹ ਜਿਸ ਤਰ੍ਹਾਂ ਮਾਰਦੇ-ਕੁੱਟਦੇ ਸਨ ਉਹ ਤਰੀਕਾ ਕੇਸਾਂ ਦੀ ਪੂਰੀ ਤਰ੍ਹਾਂ ਬੇਅਦਬੀ ਕਰਨ ਵਾਲਾ ਹੈ ਅਤੇ ਇਸ ਨੂੰ 'ਬਚਿੱਤ੍ਰ ਨਾਟਕ' ਵਿਚ ਬੜੀ ਸ਼ਾਨ ਨਾਲ ਦੱਸਿਆ ਗਿਆ ਹੈ:-

ਜੇ ਬੇਮੁਖ ਤਾ ਤੇ ਬਚਿ ਆਏ॥ ਤਿਨ ਕੇ ਗ੍ਰੰਹਿ ਪੁਨਿ ਇਨੈ ਗਿਰਾਏ॥
ਜੇ ਤਜ ਭਜੇ ਹੁਤੇ ਗੁਰ ਆਨਾ॥ ਤਿਨ ਪੁਨ ਗੁਰੂ ਅਹਿਦੀਅਹਿ ਜਾਨਾ॥
ਮੂਤ੍ਰ ਡਾਰ ਤਿਨ ਸੀਸ ਮੁੰਡਾਏ॥ ਪਹੁਰਿ ਜਾਨਿ ਗ੍ਰਿਹਹਿ ਲੈ ਆਏ ॥8॥
ਮੂੰਡ ਮੂੰਡ ਕਰਿ ਸਹਿਰ ਫਿਰਾਏ॥ ਕਾਰ ਭੇਟ ਜਨ ਲੈਣ ਸਿਧਾਏ॥9॥

ਭਾਵ ਕਿ ਜਿਹੜੇ ਸਿੱਖ ਗੁਰੂ ਤੋਂ ਬੇਮੁੱਖ ਹੋ ਕੇ ਭੱਜ ਗਏ ਸਨ ਉਨ੍ਹਾਂ ਨੂੰ ਅਹਿਦੀਆਂ ਨੇ ਉਨ੍ਹਾਂ ਦੇ ਸਿਰ ਦੇ ਕੇਸਾਂ ਵਿਚ ਮੂਤ-ਮੂਤ ਕੇ ਸਿਰ ਮੁੰਨੇ ਸਨ। ਇਹ ਸਿਰ ਮੁੰਨੇ ਸਿੱਖ ਇਉਂ ਲਗਦੇ ਸਨ ਜਿਵੇਂ ਕਿ ਅੰਮ੍ਰਿਤ ਦੀ ਪਹੁਲ ਲੈ ਕੇ ਘਰ ਆਏ ਹੁੰਦੇ ਹਨ। ਇਨ੍ਹਾਂ ਦੇ ਸਿਰ ਮੁੰਨ ਮੁੰਨ ਕੇ ਸ਼ਹਿਰ ਵਿਚ ਇਉਂ ਫਿਰਾਇਆ ਗਿਆ ਸੀ ਜਿਵੇਂ ਕਿ ਇਹ ਕਾਰ ਭੇਟਾ ਇਕੱਠੀ ਕਰਨ ਲਈ ਜਾਂਦੇ ਹੁੰਦੇ ਸਨ। ਭਾਵ ਕਿ ਕੇਸਾਂ ਵਿਚ ਮੂਤ ਪਾ ਕੇ ਮੁੰਨਣ ਨੂੰ ਅੰਮ੍ਰਿਤ ਛਕਣ ਨਾਲ ਅਤੇ ਕਾਰ ਭੇਟਾ ਇਕੱਠੀ ਕਰਨ ਵਾਲੀ ਸੰਗਤ ਨਾਲ ਤੁਲਨਾਇਆ ਗਿਆ ਹੈ। ਪਾਠਕ ਦੇਖ ਸਕਦੇ ਹਨ ਕਿ ਇਸ ਤਰ੍ਹਾਂ ਨਾਲੇ ਤਾਂ ਖਾਲਸਾ ਮਰਯਾਦਾ ਦਾ ਅਤੇ ਨਾਲੇ ਕਾਰ-ਭੇਟਾ ਇਕੱਠੀ ਕਰਨ ਵਾਲਿਆਂ ਦਾ ਮਜ਼ਾਕ ਉਡਾਇਆ ਗਿਆ ਹੈ। ਕੀ ਪਾਠਕ ਸਮਝਦੇ ਹਨ ਕਿ ਕੀ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ ਹੋ ਸਕਦੇ ਹਨ? ਅੰਮ੍ਰਿਤ(ਪਹੁਲ) ਛਕਣ ਦੇ ਵੇਰਵੇ ਤੋਂ ਇਸ ਗੱਲ ਦਾ ਵੀ ਸੰਕੇਤ ਮਿਲਦਾ ਹੈ ਜਿਵੇਂ ਕਿ ਇਹ ਅਧਿਆਏ ਅੰਮ੍ਰਿਤ ਛਕਾਏ ਜਾਣ ਦੀ ਰਸਮ ਤੋਂ ਪਿੱਛੋਂ ਲਿਖਿਆ ਗਿਆ ਹੋਵੇ।

*ਦਸਮ-ਗ੍ਰੰਥ* ਦੀਆਂ ਕੁਝ ਰਚਨਾਵਾਂ ਤਾਂ ਐਸੀਆਂ ਹਨ ਜਿਨਾਂ ਵਿਚ ਲਿਖਣ ਵਾਲੇ ਕਵੀ ਦਾ ਨਾਂ ਬੜੇ ਸਪਸ਼ਟ ਰੂਪ ਵਿਚ ਲਿਖਿਆ ਗਿਆ ਹੈ। ਮਿਸਾਲ ਵਜੋਂ 'ਸ਼ਸਤ੍ਰ ਨਾਮ ਮਾਲਾ' ਹੈ। ਇਸ ਵਿਚ ਇਸ ਦੇ ਲਿਖਾਰੀ ਕਵੀ ਚਾਂਤਿਕ ਦਾ ਨਾਂ ਵਾਰ ਵਾਰ ਆਉਂਦਾ ਹੈ। ਇਹ ਕਵੀ ਚਾਂਤਿਕ ਦੀ ਰਚਨਾ ਹੈ। ਵੰਨਗੀ ਵਜੋਂ ਸਤਰਾਂ ਦੇਖੋ:-

ਸਾਂਗ ਸਰੋਹੀ ਸੈਫ ਅਸਿ ਤੀਰ ਤੁਪਕ ਤਰਵਾਰਿ॥
ਸੱਤ੍ਰਾਂਤਕਿ 'ਕਵ ਚਾਂਤਿ' ਕਰ ਕਰੀਐ ਰੱਛ ਹਮਾਰਿ॥1॥
ਅਸਿ ਕ੍ਰਿਪਾਨ ਧਾਰਾ ਧਰੀ ਸੈਫ ਸੂਲ ਜਮਦਾਢ॥
'ਕਵ ਚਾਂਤਕਿ' ਸਤ੍ਰਾਂਤਕਰ ਤੇਗ ਤੀਰ ਧਰਬਾਢ॥2॥
ਸ਼ਸਤ੍ਰ ਅਸਤ੍ਰ ਤੁਮ ਹੀ ਸਿਪਰ ਤੁਮ ਹੀ ਕਵਚ ਨਿਖੰਗ॥
'ਕਵਚਾਂਤਕਿ' ਤੁਮਹੀ ਬਨੇ ਤੁਮ ਬਯਾਪਕ ਸਰਬੰਗ॥3॥[23]

ਇਸੇ ਤਰ੍ਹਾਂ ਹੋਰ ਵੀ ਕਈ ਰਚਨਾਵਾਂ 'ਰਾਮ' ਤੇ ਸਿਆਮ ਕਵੀਆਂ ਦੇ ਨਾਵਾਂ ਵਾਲੀਆਂ ਹਨ। ਨਿਰਸੰਦੇਹ ਕੁਝ ਰਚਨਾਵਾਂ ਵਿਚ ਕਿਸੇ ਵੀ ਕਵੀ ਦਾ ਨਾਂ ਦਰਜ ਨਹੀਂ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸ ਤਰ੍ਹਾਂ ਦੀਆਂ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀ ਦੀਆਂ ਹਨ। 'ਪਾਤਸ਼ਾਹੀ 10' ਦੀ ਛਾਪ ਤਾਂ ਕੋਈ ਵੀ ਲਿਖ ਸਕਦਾ ਹੈ। ਅਨੇਕਾਂ ਐਸੀਆਂ ਰਚਨਾਵਾਂ *ਦਸਮ-ਗ੍ਰੰਥ* ਤੋਂ ਬਾਹਰ ਪਈਆਂ ਹਨ ਜਿਨ੍ਹਾਂ ਵਿਚ 'ਪਾਤਸਾਹੀ 10' ਦੀ ਛਾਪ ਵਰਤੀ ਗਈ ਹੈ। ਫਿਰ ਤਾਂ ਉਨ੍ਹਾਂ ਨੂੰ ਵੀ ਗੁਰੂ ਜੀ ਦੀਆਂ ਰਚਨਾਵਾਂ ਮੰਨ ਕੇ *ਦਸਮ-ਗ੍ਰੰਥ* ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ।

*ਦਸਮ-ਗ੍ਰੰਥ ਵਿਚ 'ਸ੍ਰੀ ਮੁਖਵਾਕ ਪਾਤਸ਼ਾਹੀ* 10' ਸਗੋਂ ਉਲਟ ਪਰਭਾਵ ਦਿੰਦੀ ਹੈ। ਲੇਖਕ ਕਦੇ ਵੀ ਆਪਣੇ ਨਾਂ ਨਾਲ 'ਸ੍ਰੀ' ਦਾ ਤਖੱਲਸ ਨਹੀਂ ਲਗਾਉਂਦਾ। ਇਸ ਲਈ ਇਹ ਛਾਪ ਆਪਣੇ ਆਪ ਹੀ ਦਸਦੀ ਹੈ ਕਿ ਇਹ ਕਿਸੇ ਸ਼ਰਧਾਲੂ ਸਿੱਖ ਵਲੋਂ ਲਿਖੀ ਗਈ ਐਸੀ ਰਚਨਾ ਹੈ ਜਿਸ ਨੂੰ ਲਿਖਣ ਵਾਲੇ ਨੇ ਦਸਮ ਪਾਤਸ਼ਾਹ ਦੇ ਮੁੱਖ ਵਿਚੋਂ ਉਚਾਰੀ ਗਈ ਦੱਸਿਆ ਹੈ। 'ਸ੍ਰੀ ਮੁਖਵਾਕ ਪਾਤਸ਼ਾਹੀ 10' ਦੀ ਛਾਪ ਬਾਰੇ ਰਤਨ ਸਿੰਘ ਜੱਗੀ ਨੇ ਵਿਸਥਾਰ ਰੂਪ ਵਿਚ ਅਧਿਐਨ ਕਰ ਕੇ ਇਹ ਨਿਰਣਾ ਲਿਆ ਹੈ ਕਿ ਇਹ ਛਾਪ ਸੰਪਾਦਕਾਂ ਨੇ, ਜਾਂ ਸੰਗ੍ਰਹਿ ਕਰਨ ਵਾਲਿਆਂ ਨੇ ਆਪਣੇ ਕੋਲੋਂ ਪਾਈ ਹੈ। ਪੁਰਾਤਨ ਲਿਖਤੀ ਖਰੜਿਆਂ ਵਿਚ ਇਸ ਰੂਪ ਵਿਚ ਇਹ ਛਾਪ ਨਹੀਂ ਦਿੱਤੀ ਗਈ । ਕਈ ਥਾਵਾਂ ਤੇ ਛਾਪ 'ਕਬਿਓਵਾਚ' ਆਈ ਹੈ। ਇਸ ਤੋਂ ਸਾਫ ਸਪਸ਼ਟ ਹੈ ਕਿ ਇਸ ਤਰ੍ਹਾਂ ਦੀ ਰਚਨਾ ਕਿਸੇ ਕਵੀ ਦੀ ਹੈ। ਬਿਨਾਂ ਸ਼ੱਕ ਗੁਰੂ ਸਾਹਿਬ ਵੀ ਆਪਣੇ ਆਪ ਨੂੰ ਕਵੀ ਅਖਵਾ ਸਕਦੇ ਹਨ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਕਈ ਥਾਂਈਂ ਆਪਣੇ ਆਪ ਨੂੰ ਕਵੀ, ਸ਼ਾਇਰ ਅਤੇ ਢਾਡੀ ਲਿਖਿਆ ਹੈ। ਪਰ ਇਸ ਦੇ ਨਾਲ ਦੇਖਣ ਵਾਲੀ ਗੱਲ ਇਹ ਵੀ ਹੈ ਕਿ ਉਨ੍ਹਾਂ ਨੇ ਆਪਣੀ ਰਚਨਾ ਸਾਹਮਣੇ ਮਹਲਾ ਪਹਿਲਾ, ਮਹਲਾ ਦੂਜਾ ਜਾਂ ਤੀਜਾ, ਚੌਥਾ, ਪੰਜਵਾਂ ਤੇ ਨੌਂਵਾਂ ਜ਼ਰੂਰ ਲਿਖੇ ਹਨ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਨਾਂ ਦੀ ਬਜਾਏ 'ਨਾਨਕ' ਛਾਪ ਵਰਤਦੇ ਹੋਏ ਮਹਲਾਂ ਦਸਵਾਂ ਲਿਖ ਸਕਦੇ ਸਨ।

'ਚਰਿਤ੍ਰੋ ਪਖਿਆਂਨ' ਦੇ 71 ਵੇਂ ਚਰਿੱਤ੍ਰ ਵਿਚ ਕਪਾਲ ਮੋਚਨ ਵਿਖੇ ਸਿੱਖ ਸੂਰਬੀਰਾਂ ਨੂੰ ਐਸੇ ਤਰੀਕੇ ਨਾਲ ਦਿੱਤੇ ਗਏ ਸਿਰੋਪਾਓਆਂ ਬਾਰੇ ਦੱਸਿਆ ਗਿਆ ਹੈ ਜਿਸ ਨਾਲ ਪਾਠਕਾਂ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।ਲਓ, ਇਸ ਚਰਿੱਤਰ ਵਿਚਲਾ ਬਿਰਤਾਂਤ ਸੁਣੋ: 'ਸਾਰਮੌਰ (ਸਿਰਮੌਰ) ਦੇ ਦੇਸ ਵਿਚ ਜਮੁਨਾ ਨਦੀ ਦੇ ਨੇੜੇ ਪਾਉਟਾ, ਜਨਕਪੁਰੀ ਦੇ ਸਮਾਨ ਨਗਰ ਸੀ। ਜਮੁਨਾ ਨਦੀ ਦੇ ਨੇੜੇ ਹੀ ਕਪਾਲ ਮੋਚਨ ਦਾ ਤੀਰਥ ਸੀ। ਹਮ (ਗੁਰੂ ਗੋਬਿੰਦ ਸਿੰਘ)

ਪਾਉਂਟਾ ਨਗਰ ਨੂੰ ਛੱਡ ਕੇ ਇਥੇ ਆ ਉਤਰੇ। ਇਥੇ ਆਕੇ ਸ਼ਿਕਾਰ ਖੇਡਦੇ ਹੋਇਆਂ ਨੇ ਸੂਰ ਆਦਿ ਜੰਗਲੀ ਜਾਨਵਰ ਮਾਰੇ। ਇਥੇ ਮਿਰਗਾਂ ਦੀਆਂ ਬਹੁਤ ਡਾਰਾਂ ਫਿਰਦੀਆਂ ਸਨ। ਫਿਰ ਅਸੀਂ ਇਥੋਂ ਕਪਾਲ ਮੋਚਨ ਦਾ ਰਸਤਾ ਪਕੜਿਆ ਅਤੇ ਤਿਰਥ ਦੇ ਜਾ ਦਰਸ਼ਨ ਕੀਤੇ। ਇਥੇ ਸਾਡੇ ਸਿੱਖ ਅਤੇ ਹੋਰ ਮਿੱਤਰ ਆ ਪਹੁੰਚੇ। ਇਨ੍ਹਾਂ ਨੂੰ ਸਿਰੋਪਾਓ ਦੇਣ ਦੀ ਲੋੜ ਸੀ। ਇਸ ਲਈ ਸਿਰੋਪਾਓ ਵਾਸਤੇ ਲੋੜੀਂਦਾ ਕੱਪੜਾ ਲੈਣ ਲਈ ਲੋਕਾਂ ਨੂੰ ਪਾਉਂਟਾ ਨਗਰ ਅਤੇ ਬੂੜੀਏ ਨਗਰਾਂ ਵਿਚ ਭੇਜਿਆ ਗਿਆ । ਪਰ ਇਨ੍ਹਾਂ ਨੂੰ ਇੱਕ ਵੀ ਪੱਗ ਦਾ ਕੱਪੜਾ ਨਹੀਂ ਮਿਲਿਆ ਤੇ ਇਹ ਸਭ ਖਾਲੀ ਹੱਥ ਵਾਪਸ ਆ ਗਏ। ਜਦ ਇਕ ਪੱਗ ਦਾ ਕੱਪੜਾ ਵੀ ਮੁੱਲ ਦਾ ਨਾ ਮਿਲ ਸਕਿਆ ਤਾਂ ਅਸੀਂ ਇਹ ਸਲਾਹ ਕੀਤੀ ਕਿ ਜਿਹੜਾ ਵੀ ਵਿਅੱਕਤੀ ਇਥੇ ਤੀਰਥ ਦੇ ਕੰਢੇ ਤੇ ਮੂਤਦਾ ਹੋਇਆ ਨਜ਼ਰ ਆਵੇ ਉਸ ਦੀ ਪਗੜੀ ਖੋਹ ਲਈ ਜਾਵੇ। ਜਦੋਂ ਪਿਆਦਿਆਂ ਨੇ ਇਸ ਤਰ੍ਹਾਂ ਦੇ ਹੁਕਮ ਨੂੰ ਸੁਣਿਆ ਤਾਂ ਸਭ ਨੇ ਇਸ ਤਰ੍ਹਾਂ ਕੀਤਾ। ਜਿਹੜਾ ਵੀ ਮਨਮੁਖ ਤੀਰਥ ਕੋਲ ਆ ਕੇ ਮੂਤਦਾ ਸੀ ਉਹ ਪਗੜੀ ਖੁਹਾ ਕੇ ਹੀ ਗਿਆ ਸੀ। ਸਾਰੀ ਰਾਤ ਦੀ ਕਾਰਵਾਈ ਵਿਚ ਇਸ ਤਰ੍ਹਾਂ ਅੱਠ ਸੌ ਪਗੜੀ ਉਤਾਰ ਲਈ ਗਈ। ਉਹ ਅੱਠ ਸੌ ਪਗੜੀ ਮੈਂ ਧੋਬੀਆਂ ਨੂੰ ਧੋਣ ਵਾਸਤੇ ਦੇ ਦਿੱਤੀ । ਅਗਲੇ ਦਿਨ ਸਵੇਰੇ ਹੀ ਇਹ ਧੋਤੀਆਂ ਹੋਈਆ ਪੱਗਾਂ ਮੰਗਵਾ ਲਈਆਂ ਗਈਆਂ । ਫਿਰ ਇਹ ਸਭ ਸਿੱਖਾਂ ਨੂੰ ਬਨਵਾਈਆਂ ਗਈਆਂ । ਜਿਹੜੀਆਂ ਬੰਨਣ ਤੋਂ ਬਚ ਗਈਆਂ ਉਨ੍ਹਾਂ ਨੂੰ ਵੇਚ ਦਿੱਤਾ ਗਿਆ। ਇਸ ਤਰ੍ਹਾਂ ਇਸ ਨਗਰ ਵਿਚ ਪੱਗੜੀਆਂ ਵੰਡ ਕੇ ਸੁੱਖ-ਸਾਂਦ ਨਾਲ ਅੱਗੇ ਚਲੇ ਗਏ। ਮੂਰਖਾਂ ਨੂੰ ਇਸ ਇਸ ਗੱਲ ਦਾ ਪਤਾ ਨਹੀਂ ਲੱਗਿਆ ਕਿ (ਗੋਬਿੰਦ) ਰਾਇ ਕਿਥੇ ਚਲਾ ਗਿਆ:

ਦੋਹਰਾ॥ ਨਗਰ ਪਾਂਵਟਾ ਬਹੁ ਬਸੈ ਸਾਰਮੌਰ ਕੇ ਦੇਸ॥
ਜਮੁਨਾ ਨਦੀ ਨਿਕਟਿ ਬਹੇ ਜਨਕ ਪੁਰੀ ਅਲਿਕੇਸ॥1॥
ਨਦੀ ਜਮੁਨ ਕੇ ਤਰਿ ਮੈ ਤੀਰਥ ਮੁਚਨ ਕਪਾਲ॥
ਨਗਰ ਪਾਂਵਟਾ ਛੋਰਿ ਹਮ ਆਏ ਤਹਾਂ ਉਤਾਲ॥2॥
ਚੌਪਈ॥ ਖਿਲਤ ਅਖੇਟਕ ਸੂਕਰ ਮਾਰੇ। ਬਹੁਤੇ ਮ੍ਰਿਗ ਔਰੇ ਹਨਿ ਡਾਰੇ।
ਪੁਨਿ ਤਿਹ ਠਾਂਕੋ ਹਮ ਮਹੁ ਲੀਨੋ। ਵਾ ਤੀਰਥ ਕੇ ਦਰਸ਼ਨ ਕੀਨੋ॥3॥
ਦੋਹਰਾ॥ ਤਹਾ ਹਮਾਰੇ ਸਿਖਯ ਸਭ ਅਮਿਤ ਪਹੂੰਚੇ ਆਇ॥
ਤਿਨੈ ਦੈਨ ਕੋ ਚਾਹਿਯੈ ਜੋਰਿ ਭਲੋ ਸਿਰਪਾਇ॥4॥
ਨਗਰ ਪਾਂਵਟੇ ਬੂਰਿਏ ਪਠਏ ਲੋਕ ਬੁਲਾਇ॥
ਏਕ ਪਾਗ ਪਈ ਨਹੀਂ ਨਿਹਫਲ ਪਹੁੰਚੇ ਆਇ॥5॥
ਚੌਪਈ॥ ਮੋਲਹਿ ਏਕ ਪਾਗ ਨਹਿ ਪਈ॥ ਤਬ ਮਸਲਤ ਹਮ ਜਿਯਹਿ ਬਨਾਈ॥
ਜਾਹਿ ਇਹਾਂ ਮੂਤਤਿ ਲਖਿ ਪਾਵੋ॥ ਤਾਕੀ ਛੀਨ ਪਗਰਿਯਾ ਲਯਾਵੋ॥6॥
ਜਬ ਪਯਾਦਨ ਐਸੇ ਸੁਨਿ ਪਾਯੋ॥ ਤਿਹੀ ਭਾਂਤ ਮਿਲਿ ਸਭਨ ਕਮਾਯੋ।
ਜੋ ਮਨਮੁਖ ਤੀਰਥ ਤਿੱਹ ਆਯੋ॥ ਪਾਗ ਬਿਨ੍ਹਾਂ ਕਰਿ ਤਾਹਿ ਪਠਾਯੋ॥7॥
ਦੋਹਰਾ॥ ਰਾਤਿ ਬੀਚ ਕਰਿ ਆਠ ਸੈ ਪਗਰੀ ਲਈ ਉਤਾਰਿ।
ਆਨਿ ਤਿਨੈ ਹਮ ਦੀਹ ਮੈ ਧੋਵਨਿ ਦਈ ਸੁਧਾਰਿ॥8॥
ਚੌਪਈ॥ ਪ੍ਰਾਤ ਲੇਤ ਸਭ ਧੋਇ ਮੰਗਾਈ॥ ਸਭ ਹੀ ਸਿਖਯਨ ਕੋ ਬੰਧਵਾਈ॥
ਬਚੀ ਸੁ ਬੇਚਿ ਤੁਰਤੁ ਤੱਹ ਲਈ॥ ਬਾਕੀ ਬਚੀ ਸਿਪਾਹਿਨ ਦਈ॥9॥

ਦੋਹਰਾ॥ ਬਟਿ ਕੇ ਪਗਰੀ ਨਗਰ ਕੋ ਜਾਤ ਭਏ ਸੁਖ ਪਾਇ।
ਭੇਦ ਮੂਰਖਨ ਨਾ ਲਹਯੋ ਕਹਾ ਗਯੋ ਕਰਿ ਰਾਇ ॥10॥

ਪਾਠਕ ਅੰਦਾਜ਼ਾ ਲਗਾ ਸਕਦੇ ਹਨ ਕਿ ਐਸੀ ਘਟੀਆ ਲਿਖਤ ਗੁਰੂ ਜੀ ਦੀ ਹੋ ਸਕਦੀ ਹੈ? ਭੰਗਾਣੀ ਦੀ ਲੜਾਈ ਵਿਚ ਬਹਾਦਰੀ ਦਿਖਾਉਣ ਵਾਲੇ ਸੂਰਬੀਰ ਸਿੱਖਾਂ ਨੂੰ ਗਰੀਬਾਂ ਲੋਕਾਂ ਦੀਆਂ ਗੰਦੀਆਂ ਮੰਦੀਆਂ ਪੱਗਾਂ ਖੋਹ ਕੇ ਸਿਰੋਪਾਓ ਦੇਣਾ, ਆਪਣੇ ਆਪ ਵਿਚ ਹੀ ਇਕ ਮਖੌਲ ਹੈ। ਫਿਰ ਪੱਗਾਂ ਦਾ ਕੱਪੜਾ ਕਿਤੋਂ ਵੀ ਨਾ ਮਿਲਣਾ ਇਹ ਅਸੰਭਵ ਹੈ। ਕਪਾਲ ਮੋਚਨ ਦੇ ਤੀਰਥ ਅਸਥਾਨ ਤੇ ਗੁਰੂ ਜੀ ਦਾ ਕੈਂਪ ਸੀ। ਘੱਟੋ-ਘੱਟ ਹਜ਼ਾਰ-ਬਾਰਾਂ ਸੌ ਘੋੜ-ਸੁਆਰ ਸਿੱਖ ਤਾਂ ਗੁਰੂ ਜੀ ਨਾਲ ਹੋਣਗੇ ਹੀ। ਪਰਿਵਾਰ ਵੀ ਹੋਣਗੇ। ਕੀ ਐਸੇ ਛਾਉਣੀ-ਰੂਪੀ ਕੈਂਪ ਵਿਚ ਪਿੰਡ ਦੇ ਲੋਕ ਉਥੇ ਤੀਰਥ ਦੇ ਕਿਨਾਰੇ ਪਿਸ਼ਾਬ ਕਰਨ ਆਉਣਗੇ? ਪਰ ਲਿਖਤ ਮੁਤਾਬਕ ਅੱਠ ਸੌ ਬੰਦਾ ਉਥੇ ਮੂਤਣ ਆ ਗਿਆ ਸੀ। ਸਾਰੀ ਰਾਤ ਹੀ ਬੰਦੇ ਮੂਤਣ ਆਉਂਦੇ ਰਹੇ। ਪਹਿਲੀ ਗੱਲ ਤਾਂ, ਇਸ ਤਰ੍ਹਾਂ ਦੀ ਸ਼ਬਦਾਵਲੀ ਹੀ ਸੋਭਦੀ ਨਹੀਂ ਹੈ। ਜਿਥੇ ਗੁਰੂ ਜੈਸੀ ਮਹਾਨ ਸ਼ਖਸੀਅਤ ਬਿਰਾਜਮਾਨ ਹੋਵੇ ਲੋਕ ਉਥੇ ਮੂਤਣ ਆਉਣਗੇ? ਇਹ ਲਿਖਤ ਇਸ ਦੇ ਲਿਖਣ ਵਾਲੇ ਲਿਖਾਰੀ ਦੀ ਆਪਣੀ ਅਕਲ ਦਾ ਦਿਵਾਲਾ ਕੱਢ ਦਿੰਦੀ ਹੈ। ਜਿਸ ਵੀ ਲਿਖਾਰੀ ਨੇ ਇਸ ਲਿਖਤ ਨੂੰ ਗੁਰੂ ਦੀ ਲਿਖਤ ਬਣਾ ਕੇ ਪੇਸ਼ ਕੀਤਾ ਹੈ ਉਸ ਨੂੰ ਲੱਖ-ਲੱਖ ਫਿਟਕਾਰ ਪਾਉਣੀ ਚਾਹੀਦੀ ਹੈ। ਉਸ ਸਮੇਂ ਜਗਾਧਰੀ ਆਪਣੇ ਆਪ ਵਿਚ ਮੰਨਿਆ-ਪਰਮੰਨਿਆ ਸ਼ਹਿਰ ਸੀ। ਬੂੜੀਆਂ ਸ਼ਹਿਰ ਇਸ ਤੋਂ ਛੋਟਾ ਸੀ। ਪਾਉਂਟਾ ਸ਼ਹਿਰ ਹੀ ਨਹੀਂ ਸੀ ਪਰ ਇਸ ਵਿਚ 'ਨਗਰ' ਲਿਖਿਆ ਗਿਆ ਹੈ। ਪਾਉਂਟਾ ਜੋ ਸੀ ਉਹ ਕੇਵਲ ਗੁਰੂ ਜੀ ਦੇ ਕੈਂਪ ਕਰਕੇ ਹੀ ਸੀ। ਗੁਰੂ ਜੀ ਉਥੋਂ ਉਠ ਕੇ ਆ ਗਏ ਸਨ ਤਾਂ ਪਾਉਂਟਾ ਉਜਾੜ ਥਾਂ ਬਣ ਗਿਆ ਸੀ। ਪਾਉਂਟਾ ਨੂੰ ਨਗਰ ਲਿਖਣ ਦਾ ਮਤਲਬ ਹੈ ਕਿ ਇਹ ਲਿਖਤ ਬਹੁਤ ਸਮਾਂ ਪਿੱਛੋਂ ਦੀ ਲਿਖਤ ਹੈ ਜਦੋਂ ਕਿ ਪਾਉਂਟਾ ਇਕ ਨਗਰ ਦੇ ਰੂਪ ਵਿਚ ਵਿਕਸਤ ਹੋ ਗਿਆ ਸੀ। ਕੋਈ ਕਾਰਨ ਨਹੀਂ ਸੀ ਕਿ ਜਗਾਧਰੀ ਅਤੇ ਬੂੜੀਆ ਤੋਂ ਲੋੜ ਅਨੁਸਾਰ ਕੱਪੜਾ ਨਾ ਮਿਲਦਾ । ਜੇ ਕੱਪੜਾ ਹੀ ਨਹੀਂ ਮਿਲ ਸਕਿਆ ਸੀ ਤਾਂ ਘੋੜ-ਸੁਆਰਾਂ ਵਾਸਤੇ ਰਸਦ-ਪਾਣੀ ਦੀ ਹਾਲਤ ਕਿਸ ਤਰ੍ਹਾਂ ਦੀ ਹੋਣੀ ਸੀ? ਇਸ ਤਰ੍ਹਾਂ ਦੀਆਂ ਲਿਖਤਾਂ ਦੀ *ਦਸਮ-ਗ੍ਰੰਥ* ਵਿਚ ਭਰਮਾਰ ਹੈ। ਇਹ ਤਾਂ ਇਕ ਸਾਧਾਰਨ ਜਿਹੀ ਲਿਖਤ ਹੈ। ਚਰਿੱਤਰਾਂ ਵਿਚ ਤਾਂ ਐਸੇ ਐਸੇ ਚਰਿੱਤਰ ਹਨ ਜਿਨ੍ਹਾਂ ਦੀ ਅਸ਼ਲੀਲ ਭਾਸ਼ਾ ਲਿਖ ਕੇ ਵੀ ਪੇਸ਼ ਨਹੀਂ ਕੀਤੀ ਜਾ ਸਕਦੀ । ਜਿਹੜੇ *ਦਸਮ-ਗ੍ਰੰਥ* ਦੇ ਭਗਤ ਵੀ ਹਨ ਉਹ ਵੀ ਜਦੋਂ ਇਨ੍ਹਾਂ ਅਸ਼ਲੀਲ ਰਚਨਾਵਾਂ ਬਾਰੇ ਲਿਖਦੇ ਹਨ ਤਾਂ ਉਹ ਵੀ ਸਿੱਧੇ ਉਹੀ ਸ਼ਬਦ ਨਹੀਂ ਲਿਖਦੇ ਜਿਹੜੇ *ਦਸਮ-ਗ੍ਰੰਥ* ਵਿਚ ਲਿਖੇ ਹੋਏ ਹਨ। ਉਹ ਵੀ ਅੱਜ ਦੀ ਮਾਡਰਨ ਅਤੇ ਸੱਭਿਆ ਬੋਲੀ ਦੇ ਸ਼ਬਦਾਂ ਵਿਚ ਉਸ ਦੀ ਵਿਆਖਿਆ ਕਰਦੇ ਹਨ। ਜੇਕਰ *ਦਸਮ-ਗ੍ਰੰਥ* ਵਿਚਲੀ ਸ਼ਬਦਾਵਲੀ ਅਨੁਸਾਰ ਹੀ ਇਸ ਦੀ ਵਿਆਖਿਆ ਕੀਤੀ ਜਾਵੇ ਤਾਂ ਉੱਕਾ ਹੀ ਜਲੂਸ ਨਿਕਲ ਜਾਵੇਗਾ। ਕੋਕ-ਸ਼ਾਸਤਰ ਵਿਚ ਵੀ ਬੜੀ ਸੁਲਝੀ ਹੋਈ ਸ਼ਬਦਾਵਲੀ ਦੁਆਰਾ ਇਸਤਰੀ-ਪੁਰਸ਼ਾਂ ਦੇ ਕਾਮ ਨਾਲ ਸਬੰਧਤ ਵਿਸ਼ਿਆਂ ਬਾਰੇ ਸਮਝਾਇਆ ਗਿਆ ਹੈ। ਫਿਰ ਵੀ ਸਾਡੇ ਲੋਕ ਕੋਕ-ਸ਼ਾਸਤਰ ਨੂੰ ਖੁੱਲੇ ਰੂਪ ਵਿਚ ਨਹੀਂ ਪੜ੍ਹਦੇ।*ਦਸਮ-*

*ਗ੍ਰੰਥ* ਵਿਚ ਤਾਂ ਨਿਯਮ ਹੀ ਕੋਈ ਨਹੀਂ ਅਪਣਾਇਆ ਗਿਆ। ਕਵੀ ਲੋਕ ਭੰਗ ਦੇ ਨਸ਼ੇ ਵਿਚ ਧੁੱਤ ਹੋਏ ਅੱਲ ਦੀਆਂ ਪਟੱਲ ਲਿਖੀ ਜਾਂਦੇ ਸਨ ਕਿਸੇ ਸਿੱਖ ਦੋਖੀ ਨੇ ਇਹ ਬੇਸਿਰਪੈਰ ਲਿਖਤਾਂ ਇਕੱਠੀਆਂ ਕਰ ਕੇ ਸਿੱਖਾਂ ਦੇ ਮੱਥੇ ਮੜ੍ਹ ਦਿੱਤੀਆਂ ਹਨ।

ਅਖੀਰ ਵਿਚ, ਨਤੀਜੇ ਦੇ ਤੌਰ ਤੇ ਲਿਖਿਆ ਜਾ ਸਕਦਾ ਹੈ ਕਿ ਜਿਥੋਂ ਤਕ ਤਾਂ ਮੌਲਿਕ ਸਰੋਤਾਂ ਦਾ ਸਬੰਧ ਹੈ ਉਨ੍ਹਾਂ ਅਨੁਸਾਰ ਤਾਂ ਦਸਮ-ਗ੍ਰੰਥ ਦੀ ਕੋਈ ਪਰਮਾਣਕਿਤਾ ਨਹੀਂ ਹੈ ਕਿਉਂ ਕਿ ਕਿਸੇ ਵੀ ਮੌਲਿਕ ਸਰੋਤ ਵਿਚ ਇਸ ਤਰ੍ਹਾਂ ਦਾ ਕੋਈ ਵੇਰਵਾ ਨਹੀਂ ਹੈ। ਜਿਥੋਂ ਤਕ ਸਮਕਾਲੀ ਸਰੋਤਾਂ ਦੀ ਗੱਲ ਹੈ ਇਨ੍ਹਾਂ ਅਨੁਸਾਰ ਕੇਵਲ ਤੇ ਕੇਵਲ ਜਾਪੁ ਸਾਹਿਬ ਹੀ ਦਸਮ ਪਾਤਸ਼ਾਹ ਦੀ ਰਚਨਾ ਹੈ ਅਤੇ ਇਸੇ ਇਕੱਲੀ ਬਾਣੀ ਦਾ ਪਾਠ ਬਾਕੀ ਦੀਆਂ ਬਾਣੀਆਂ ਨਾਲ ਰਲਾ ਕੇ ਕਰਨ ਲਈ ਕਿਹਾ ਗਿਆ ਹੈ। ਕਿਉਂਕਿ ਜਾਪ ਸਾਹਿਬ ਦੀ ਬਾਣੀ ਦਾ ਪਾਠ ਕਰਨ ਦਾ ਜ਼ਿਕਰ ਹਰ ਸਮਕਾਲੀ ਲਿਖਤ ਵਿਚ ਆਇਆ ਹੈ ਇਸ ਲਈ ਇਸ ਬਾਰੇ ਮੰਨ ਲੈਣਾ ਚਾਹੀਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਹੈ ਅਤੇ ਇਸ ਦਾ ਪਾਠ ਨਿੱਤ-ਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਹੈ। 'ਬਚਿੱਤ੍ਰ ਨਾਟਕ' ਆਪਣੇ ਆਪ ਵਿਚ ਆਪਾ-ਵਿਰੋਧੀ ਅਤੇ ਗੁਰਮਤਿ ਵਿਰੋਧੀ ਲਿਖਤ ਹੈ। ਇਹ ਮਿਥਿਹਾਸ ਹੈ ਅਤੇ ਇਸ ਵਿਚ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕਿ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਵੱਯਾਂ (ਸ੍ਰਾਵਗ ਸੁਧ ਵਾਲੇ) ਅਤੇ ਚੌਪਈ (ਬੇਨਤੀ ਚੌਪਈ) ਵਿਚ ਕੋਈ ਗੁਰਮਤ ਵਿਰੋਧੀ ਗੱਲ ਨਹੀਂ ਹੈ। ਇਸ ਲਈ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਮੰਨ ਲੈਣ ਵਿਚ ਕੋਈ ਮੁਸ਼ਕਲ ਨਹੀਂ ਹੈ। ਪੰਥਕ ਪੱਧਰ ਤੇ ਸਵੀਕ੍ਰਿਤ ਸਿਖ ਰਹਿਤ ਮਰਯਾਦਾ ਦਸਮ ਗ੍ਰੰਥ ਦੀਆਂ ਰਚਨਾਵਾਂ ਸੰਬੰਧੀ ਵਿਵਾਦ ਨੂੰ ਸੁਲਝਾਉਣ ਲਈ ਰਾਹ-ਦਿਸੇਰੇ ਦਾ ਕਾਰਜ ਕਰ ਸਕਦੀ ਹੈ।

***********************

# ਹਵਾਲੇ ਤੇ ਟਿੱਪਣੀਆਂ


1. ਇਸ ਲਿਖਤ ਨੂੰ ਹੁਣ ਤਕ ਦੋ ਸੰਪਾਦਕਾਂ ਨੇ ਸੰਪਾਦਿਤ ਕਰ ਕੇ ਛਪਵਾਇਆ ਹੈ। ਇਕ ਹਨ ਅਕਾਲੀ ਕੌਰ ਸਿੰਘ ਅਤੇ ਦੂਸਰੇ ਹਨ ਡਾ. ਗੰਡਾ ਸਿੰਘ। ਦੇਖੋ ***ਸ੍ਰੀ ਗੁਰੂ ਸੋਭਾ*** ਕ੍ਰਿਤ ਕਵੀ ਸੈਨਾਪਤਿ(ਸੰਪਾਦਕ), ਅਕਾਲੀ ਕੌਰ ਸਿੰਘ, ਅੰਮ੍ਰਿਤਸਰ , 1925 ਅਤੇ ਕਵੀ ਸੈਨਾਪਤਿ ਰਚਿਤ ***ਸ੍ਰੀ ਗੁਰ ਸੋਭਾ*** (ਸੰਪਾਦਕ) ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

2. ***ਵਾਰਾਂ ਭਾਈ ਗੁਰਦਾਸ ਜੀ,*** ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1981.

3. ***ਰਹਿਤਨਾਮੇ(ਸੰ.)*** ਪਿਆਰਾ ਸਿੰਘ ਪਦਮ, ਪਟਿਆਲਾ, 1984,

4. ਉਕਤ, **ਪੰਨੇ** 80-133.

5. ਸੰਪਾਦਕ ਰਤਨ ਸਿੰਘ ਜੱਗੀ, ***ਪਰਖ,*** ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, 1972.

6. ਰਤਨ ਸਿੰਘ ਜੱਗੀ, ***ਦਸਮ ਗ੍ਰੰਥ ਦਾ ਕ੍ਰਿਤਿਤਵ***, ਪੰਜਾਬੀ ਸਾਹਿਬ ਸਭਾ, ਲੁਧਿਆਣਾ, 1961 ਪੰਨਾ 96.

7. ਦੇਖੋ ***ਹੁਕਮਨਾਮੇ*** (ਸੰ.ਗੰਡਾ ਸਿੰਘ ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

8. ਦੇਖੋ ਕਵੀ ਸੇਵਾ ਸਿੰਘ ਕ੍ਰਿਤ ***ਸ਼ਹੀਦ ਬਿਲਾਸ ਭਾਈ ਮਨੀ ਸਿੰਘ*** (ਸੰ.ਗਿਆਨੀ ਗਰਜਾ ਸਿੰਘ), ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1961, ਪੰਨਾ 96(ਅੰਤਕਾ 2)

9. ਇਸ ਚਿੱਠੀ ਬਾਰੇ ਵਿਸਥਾਰ ਵਿਚ ਦੇਖਣ ਲਈ ਦੇਖੋ ਰਤਨ ਸਿੰਘ ਜੱਗੀ, ਦਸਮ ਗ੍ਰੰਥ ਦਾ ਕ੍ਰਿਤ੍ਰਿਤਵ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, 1966, ਪੰਨਾ 39-45.

10. Ernest Trump, *The AdI Granth or The Holy Scripture of The Sikhs Translated* from *Original Gurmukhi Script With Introductory Essay,* (London, 1877), reprinted by Munshi Ram Menohar Lal, New Delhi, 1970.

11. ਦੇਖੋ ਭਾਈ ਰਣਧੀਰ ਸਿੰਘ (ਸੰ.) ***ਸ਼ਬਦਾਰਥ ਦਸਮ ਗ੍ਰੰਥ,*** ਪੋਥੀ ਪਹਿਲੀ, ਪੰਜਾਬੀ ਯੂਨੀਵਰਸਿਟੀ, 1995, ਪੰਨਾ 53.

12. ਦੇਖੋ ਕਵੀ ਸੈਨਾਪਤਿ ਕ੍ਰਿਤ ***ਸ੍ਰੀ ਗੁਰ ਸੋਭਾ***(ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ 8-19.

13. ***ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ*** (ਸ੍ਰੀ ਅਮਰ ਸਿੰਘ ਚਾਕਰ), ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1981, ਪੰਨਾ 436-451.

14. ਪਿਆਰਾ ਸਿੰਘ ਪਦਮ (ਸੰਪਾ), ***ਰਹਿਤਨਾਮੇ,*** ਪਟਿਆਲਾ, 1984, ਪੰਨੇ 54-64.

15. ***ਰਹਿਤਨਾਮੇ,*** ਪੰਨਾ 91.

16. *ਉਕਤ,* ਪੰਨਾ 61.

17. *ਉਕਤ,* ਪੰਨਾ 67

18. See Dr. Ganda Singh's article' Nanak – Panthis or The Sikhs and Sikhism of the Mid-eighteenth century' in *The Punjab Past and Present*, Punjabi University, Patiala, April, 1967, pp 66-67.

19. ***ਸ਼ਬਦਾਰਥ ਦਸਮ ਗ੍ਰੰਥ,*** ਪੋਥੀ ਪਹਿਲੀ, ਪੰਨੇ 131, ਅਤੇ 153.

20. ***ਉਕਤ,*** ਪੰਨੇ 174, 181, 197, 209, 212, 214, 254, 270 ਆਦਿ।

21. ***ਉਕਤ,*** ਪੋਥੀ ਤੀਜੀ, ਪੰਨੇ 902, 923 ਆਦਿ।

22. ***ਉਕਤ,*** ਪੰਨਾ 90

23. ***ਉਕਤ,*** ਪੋਥੀ ਤੀਜੀ, ਪੰਨਾ 1021.

24. ***ਉਕਤ,*** ਪੰਨੇ 174, 181,197,209,212,214, 254, 270 ਆਦਿ।

25. ਇਸ ਦਸਮ ਗ੍ਰੰਥ ਦੀਆਂ ਦੋ ਜਿਲਦਾਂ ਪੰਜਾਬੀ ਯੂਨਵਿਰਸਿਟੀ, ਪਟਿਆਲਾ ਦੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਦੀ ਲਾਇਬ੍ਰੇਰੀ ਵਿਚ ਪਈਆਂ ਹਨ ਪਰ ਇਨ੍ਹਾਂ ਜਿਲਦਾਂ ਦੇ ਅੱਗੇ ਪਿੱਛੇ ਛਾਪਕ ਜਾਂ ਸੰਪਾਦਿਕ ਜਾਂ ਸਾਲ-ਸੰਮਤ, ਜਾਂ ਹੋਰ ਕਈ ਵੀ ਜਾਣਕਾਰੀ ਨਹੀਂ ਹੈ। ਇਸ ਦਾ ਲਾਇਬ੍ਰੇਰੀ ਅਕਸੈਸ਼ਨ ਨੂੰ 53131 ਹੈ ਅਤੇ ਵਿਭਾਗੀ ਅਕਸੈਸ਼ਨ ਨੂੰ 472 ਹੈ। ਇਸ ਦੀ ਜਿਲਦ ਦੂਜੀ, ਪੰਨੇ 901-02, ਚਰਿੱਤ੍ਰ 71 ਵਾਂ।